ੴ ਸਤਿਗੁਰ ਪ੍ਰਸਾਦਿ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

## ਕੜਾਹ ਪ੍ਰਸਾਦਿ ਕੀ ਬਿਧਿ ਸੁਨਿ ਲੀਜੈ॥

# ਗੁਰਪ੍ਰਸਾਦਿ ਤ੍ਵਪ੍ਰਸਾਦਿ ਸ੍ਰੀ ਕੜਾਹ ਪ੍ਰਸ਼ਾਦ ਮਰਯਾਦਾ ਪੋਥੀ



ਹੇ ਵਾਹਿਗੁਰੂ ਗੁਰ ਨਾਨਕਦੇਵ ਗੋਵਿੰਦ ਰੂਪ॥ ਜੀ ! ਆਪ ਜੀ ਨੇ ਪਰਮਪਵਿੱਤ੍ਰ ਪੰਜਵੇਂ ਜਾਮੇ ਅੰਦਰ, ਜੇਠ ਦੀ ਅਤੀ ਹੀ ਸਖ਼ਤ ਗਰਮੀ ’ਚ, ਜ਼ਾਲਮਾਂ ਦੇ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਨ ਤੋਂ ਆਪ ਜੀ ਨੂੰ ਹੁਣ ਉੱਬਲਦੀ ਦੇਗ਼ ’ਚ ਬੈਠਾ ਰਹੇ ਹਨ। ਹੁਣ ਮੱਚਦੇ ਮੱਚਦੇ ਰੇਤੇ ’ਤੇ ਬੈਠਾ ਕੇ, ਮੱਚਦਾ ਮੱਚਦਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ ’ਤੇ ਹੁਣ ਪਾ ਰਹੇ ਹਨ, ਹੁਣ ਆਪ ਜੀ ਨੂੰ ਮੱਚਦੀ ਮੱਚਦੀ ਲੋਹ ’ਤੇ ਖੜ੍ਹਾ ਰਹੇ ਹਨ। ਅਕਿਹ ਤੇ ਅਸਿਹ ਕਸ਼ਟ ਸਹਾਰ ਕੇ, ਭਾਣਾ ਮੰਨਣ, ਗੁਰੂ ਹਿਤ ਕੁਰਬਾਨੀ ਕਰਨ ਦਾ ਪਰਮ ਉੱਚਾ ਸੁਚਾ ਖ਼ੂਬ ਸੱਚਾ ਸਬਕ ਸਿਖਾਅ ਕੇ, ਗੁਰੂ ਪ੍ਰੇਮਾ-ਭਗਤੀ ਸਿਹਤ ਨਿਰਗੁਨ ਸਰਗੁਨ ਦੀ ਏਕਤਾ ਬਖ਼ਸ਼ੀ ਹੈ। ਆਪ ਜੀ ਨੇ ਸੰਤ ਦੋਖੀ ਮਹਾਨ ਪਾਪੀ ਨੀਚ ਸੇ ਨੀਚ ਅਿਤ ਨੀਚ ਚੰਦੂ ਦੇ ਘਰੇ, ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰੀ, ਅੰਮ੍ਰਿਤ ਗੁਰਬਾਣੀ ਨਿਰੋਲ ਸ਼ੁੱਧ ਰੱਖਣ ਹਿਤ, ਧਰਮ ਦੇ ਪ੍ਰਕਾਸ਼, ਜ਼ੁਲਮ ਨਾਸ਼ ਲਈ, ਬੜੀ ਭਾਰੀ ਸੱਚੀ ਸੁੱਚੀ ਉੱਚੀ ਕੁਰਬਾਨੀ ਦੇ ਕੇ, ਸਦਾ ਲਈ ਪੂਰਨ ਧਰਮੀ ਸੱਚੀਆਂ ਕੁਰਬਾਨੀਆਂ ਦਾ ਪਰਮਪਵਿੱਤ੍ਰ ਸ਼ੁਭ ਸੱਚਾ ਸੁੱਚਾ ਉੱਚਾ ਪਿਆਰਾ ਧਰਮੀ ਬੀਜ ਬੀਜਿਆ ਹੈ। ਸਤਿਗੁਰ ਅਪਨੇ ਕਉ ਬਿਲ ਜਾਈ; ਜਿਨ ਪੈਜ ਰਖੀ ਸਾਰੈ ਸੰਸਾਰਿ॥ ਅਨੁਸਾਰ ਸੰਸਾਰ ਭਰ ’ਚ ਧਰਮ ਹਿਤ ਕੁਰਬਾਨੀ ਦੀ ਲਿਹਰ ਚਲਾ ਦਿਤੀ, ਜੋ ਸਦਾ ਲਈ ਚੱਲਦੀ ਹੀ ਰਹੇਗੀ।

DOWNLOAD **LEARN SHUDH GURBANI** APP

@gursevaksevadar | www.gursevak.com | hello@gursevak.com



**ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲ਼ਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜ੍ਹਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ'ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, **ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥** ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।



**ਧਰਮ ਹੇਤ;ਸਾਕਾ ਜਿਨਿ ਕੀਆ॥ਸੀਸੁ ਦੀਆ; ਪਰੁ.ਸਿਰਰੁ ਨ ਦੀਆ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ 'ਚ ਗੋਲ ਦਾਇਰੇ ਤਿੱਖੇ ਤੀਰਾਂ ਵਿਚਕਾਰ ਬਿਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ 'ਚ ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਵੈਗਾਰਮਈ ਭੋਗ ਦੇ ਸਲੋਕ ਉਚਾਰ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਆਪਣੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸ੍ਰੀ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ 'ਤੇ ਸਜ ਰਹੇ ਹਨ।



ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਪਿਆਰੇ ਸੱਚੇ **ਬਹੁ ਬੇਅੰਤ; ਊਚ ਤੇ ਊਚਾ॥** ਸੱਚੇ ਕੰਤ ਸੱਚੇ ਭਗਵੰਤ ਪੂਰਨ ਗੁਰਦੇਵ ਦੀਨ ਦਇਆਲ ਸਦਾ ਕ੍ਰਿਪਾ, ਸਦ ਮੇਹਰਵਾਨ, ਸੱਚੇ ਗੁਰਬਾਣੀ ਨਾਮ ਦੇ ਸੱਚੇ ਦਾਤੇ ਵਾਹਿਗੁਰੂ ਸਾਹਿਬ ਜੀ ਹਨ! ਹੁਣ ਧਰਮ ਦੇ ਪ੍ਰਕਾਸ, ਜ਼ੁਲਮ ਦੇ ਨਾਸ ਲਈ, ਅਪਣੀ ਆਪ ਦੀ ਕੁਰਬਾਨੀ, **ਗੁਰਦੇਵ ਮਾਤਾ. ਗੁਰਦੇਵ ਪਿਤਾ;** ਪਰਮਪੂਜਨੀਕ ਪਿਤਾ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਦੀ, ਪਰਮਪੂਜਨੀਕ ਗੁਰਮੁਖਿ ਮਾਤਾ ਗੂਜਰੀ ਕੌਰ ਜੀ, ਚਾਰੇ ਸ਼ਾਹਿਬਜ਼ਾਦੇ, ਸਿੰਘ ਸਿੰਘਣੀਆਂ, ਫ਼ੌਜਾਂ, ਖ਼ਜ਼ਾਨੇ ਸਭ ਕੁੱਝ ਕੁਰਬਾਨ ਕਰ ਰਹੇ ਹਨ। ਹੁਣ ਮਾਛੀਵਾੜੇ ਜੰਗਲ 'ਚ ਗੁਰਮੁਖਿ ਨਿਰਲੇਪ ਮਹਾਂ ਵਿਸਮਾਦ ਅਵਸਾਦ 'ਚ ਟਿੰਡ ਦਾ ਸਿਰਾਣਾ ਲਾ ਕੇ ਹੁਣ ਜਪ ਰਹੇ ਹਨ:- **ਖਿਆਲ ਪਾਤਿਸਾਹੀ ੧੦॥ ਮਿਤ੍ਰ ਪਿਆਰੇ ਨੂੰ; ਹਾਲੁ ਮੁਰੀਦਾਂ ਦਾ ਕਹਣਾ॥ ਤੁਧੁ ਬਿਨੁ. ਰੋਗੁ ਰਜਾਈਆ ਦਾ ਓਢਣ; ਨਾਗ ਨਿਵਾਸਾ ਦੇ ਰਹਣਾ॥ ਸੂਲ ਸੁਰਾਹੀ ਖੰਜਰੁ ਪਿਆਲਾ; ਬਿੰਗ ਕਸਾਈਆ ਦਾ ਸਹਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ; ਭੱਠ ਖੇੜਿਆ ਦਾ ਰਹਣਾ॥੧॥੬॥**

ਲੇਖਕ ਪ੍ਰਕਾਸ਼ਕ:- ਬ੍ਰਹਮਵਿੱਦਿਆ ਦੇ ਦਾਤੇ, ਪੰਥ ਰਤਨ, **ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥** ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰਉਪਕਾਰੀ ਚਰਨਕਮਲਾਂ ਦੇ, **ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ. ਸਾਧ ਜਨਾ ਕਾ ਕੀੜਾ॥** ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ (ਮੋਗਾ), ਜਵਾਹਰ ਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਇੰਡੀਆ।


ਇਹ ਪਰਮਪਵਿੱਤ੍ਰ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਹੋਵੋ ਜੀ:

੧.ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਬਮ ਸੰਸਕਾਰ।
੨.ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ, ਸ੍ਰੀ ਦਮਦਮੀ ਟਕਸਾਲ।
੩.ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਣ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।
੪.ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਬੰਸਾਵਲੀ।
੫.ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਦੇ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸਾਂ, ਗੁਰਪੁਰਬਾਂ ਦੀਆਂ ਅਰਦਾਸਾਂ।
੬.ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ, ਸ਼੍ਰੀ ਦਮਦਮੀ ਟਕਸਾਲ।
੭.ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮ-ਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ।
੮.ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।
੯.ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।
੧੦.ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼ ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!
੧੧.ਪਰਮਪੂਜਨੀਕ ਦਸੇ ਪਾਤਿਸਾਹ ਮਿਹਰਵਾਨ ਭਗਵਾਨ ਬਖ਼ਸ਼ਦੇ ਹਨ ਚੰਗੇ ਇਖ਼ਲਾਕ ਦਾ ਦਾਨ।
ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਨ੍ਹਾਂ ਪੋਥੀ ਸਾਹਿਬਾਨਾਂ ਦੀਆਂ ਰਿਕਾਰਡਿੰਗ ਭੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ।ਇਨ੍ਹਾਂ ਨੂੰ (gursevak.com) ਤੋਂ ਪ੍ਰਾਪਤ ਕਰੋ। ਸੰਗਤ ਜੀ ਰਿਕਾਰਡਿੰਗ ਲਾਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ ਮਗਰ ਬੋਲਣਾ ਜੀ।

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ ਅੁਦਿੋ ਫਲਓਿਰ ਪ੍ਰਾਪਤੀ ਲਈ: ੩੦੬-੫੮੦-੭੭੩੦ ਸੰਪਰਕ ਕਰੋ। ਗੁਰੂ ਸੇਵਾ ਲਈ ਭੇਟਾ ਕਰਨ ਤੇ ਤੁਹਾਨੂੰ ‘CANADIAN TAX RECEIPT’ ਦਿੱਤੀ ਜਾਵੇ-ਗੀ।

ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ www.Gursevak.com/content/donate ਤੇ ਜਾ ਕੇ ਭੇਟਾ ਦੇਵੋ। ਦਾਸਨਦਾਸਾਂ ਦੀ ਸੇਵਾ ਸੰਸਥਾ DEAR FATHER BRAVE GURU GOD’S SLAVE SOCIETY. ਹੁਣ CANADA REVENUE AGENCY ਨਾਲ #84017-9444-RR0001 ਹੇਠਾਂ REGISTERED CHARITY ਹੈ।

## Download the app "LEARN SHUDH GURBANI" on Apple & Android








Available on the App Store

GET IT ON Google Play

## Download all the Pothi Sahibs at GURSEVAK.COM







@gursevaksevadar

੧ੴ ਸਤਿਗੁਰ ਪ੍ਰਸਾਦਿ॥ ਤੱਤਕਰਾ

ਤ੍ਵਪ੍ਰਸਾਦਿ॥ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਨੇ ਕੜਾਹ ਪ੍ਰਸ਼ਾਦ ਬਖ਼ਸ਼ਣਾ..................੧

ਤ੍ਵਪ੍ਰਸਾਦਿ॥ ਸ਼ੁਭ ਸੱਚਾ ਅਮੋਲਕ ਅੰਮ੍ਰਿਤ ਨਾਮ........................................................੨

ਤ੍ਵਪ੍ਰਸਾਦਿ॥ ਕੜ੍ਹਾਹ ਪ੍ਰਸ਼ਾਦ ਬਣੈਣ ਦੀ ਵਿਧੀ ........................................................੫

ਤ੍ਵਪ੍ਰਸਾਦਿ॥ ਪਰਮਪੂਜਨੀਕ ਸ੍ਰੀ ਦਮਦਮੀ ਟਕਸਾਲ 'ਚ ਪੂਰਨ ਸਤਿਗੁਰੂ ਸਾਹਿਬ ਜੀ ਪਾਸ ਦੇਗ਼ ਸਜਾ ਕੇ, ਇਹ ਗੁਰਬਾਣੀ ਪੜ੍ਹਦੇ ਹਨ........................................................੮

ਤ੍ਵਪ੍ਰਸਾਦਿ॥ ਸੰਪੂਰਨ ਸ੍ਰੀ ਅਨੰਦ ਸਾਹਿਬ ਜੀ ਪੜ੍ਹਨ ਬਾਰੇ ਪ੍ਰੇਮ ਬੇਨਤੀ...............................੧੦

ਤ੍ਵਪ੍ਰਸਾਦਿ॥ ਭੋਗ ਲੁਔਣਾ ਤੇ ਕ੍ਰਿਪਾਨ ਕਦੋਂ ਭੇਟ ਕਰਨੀ........................................... ੧੧

ਤ੍ਵਪ੍ਰਸਾਦਿ॥ ਭੋਗ ਲੱਗੇ ਜਾਂ ਪ੍ਰਵਾਨ ਹੋਵੇ? ..........................................................੧੨

ਤ੍ਵਪ੍ਰਸਾਦਿ॥ ਇਸ ਨੂੰ ਪੜ੍ਹ ਕੇ ਸਾਵਧਾਨਤਾ ਸਹਿਤ ਦੇਗ ਵਰਤਾਓ ਜੀ...............................੧੨

ਤ੍ਵਪ੍ਰਸਾਦਿ॥ ਸਾਖੀ.................................................................................੧੫

ਤ੍ਵਪ੍ਰਸਾਦਿ॥ ਇਤਿ ਸ੍ਰੀ ਕੜ੍ਹਾਹ ਪ੍ਰਸ਼ਾਦ ਮਰਯਾਦਾ ਸੰਪੂਰਨੰ.............................................੧੮

# ਤ੍ਵਪ੍ਰਸਾਦਿ॥ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਨੇ ਕੜ੍ਹਾਹ ਪ੍ਰਸ਼ਾਦ ਬਖ਼ਸ਼ਣਾ

ਜਦੋਂ ਦੀ ਸ੍ਰਿਸ਼ਟੀ ਬਣੀ ਹੈ, ਕੇਵਲ ਗੁਰੂ ਗੁਰ ਸਤਿਗੁਰੂ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਨੇ ਹੀ ਬਿਅੰਤ ਬ੍ਰਹਮੰਡਾਂ 'ਚ ਕੜ੍ਹਾਹ ਪ੍ਰਸ਼ਾਦ ਦੀ ਮਰਯਾਦਾ ਕਾਇਮ ਕੀਤੀ ਹੈ। ਇੱਕ ਵਾਰੀ ਸਿੱਧ ਦੰਦਾਂ ਤੋਂ ਬਿਨਾਂ ਆਲ੍ਹਿਆਂ ਵਰਗੇ ਮੂੰਹ ਬਣਾ ਕੇ ਬੈਠ ਗਏ ਅਤੇ ਸੱਚੇ ਸਤਿਗੁਰੂ ਸਾਹਿਬ ਜੀ ਨੂੰ ਕਿਹਾ, "ਅਸੀਂ ਸਖ਼ਤ ਚੀਜ਼ ਨਹੀਂ ਖਾ ਸਕਦੇ, ਕ੍ਰਿਪਾ ਕਰਕੇ ਸਾਡੀ ਭੁੱਖ ਨਵਿਰਤ ਕਰੋ ਜੀ।" ਪਰਮਪੂਜਨੀਕ ਸਰਬ

ਸੁਖਾ ਕਾ ਦਾਤਾ ਸਤਿਗੁਰੁ; ਸਾਹਿਬ ਜੀ ਨੇ ਪਰਮਪਵਿੱਤ੍ਰ ਅੰਮ੍ਰਿਤ ਰੂਪ ਕੜ੍ਹਾਹ ਪ੍ਰਸ਼ਾਦ ਬਣਾ ਕੇ ਛਕਾਇਆ ਅਤੇ ਤ੍ਰਿਪਤ ਕੀਤੇ।

ਵਾਹਿਗੁਰੂ ਸਤਿਗੁਰੂ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਨੇ ਬਗ਼ਦਾਦ ਦੇ ਪੀਰ ਦੇ ਬੇਟੇ ਨੂੰ, ਆਪਣੇ ਨਾਲ ਲਿਜਾ ਕੇ ਇੱਕ ਨਿਮਖ 'ਚ ਲੱਖਾਂ ਅਕਾਸ਼ਾਂ ਪਤਾਲਾਂ 'ਚ ਸਤਿਸੰਗਤ ਜੀ ਦੇ ਦਰਸਨ ਕਰਵਾਏ ਅਤੇ ਸ੍ਰਬ ਸ਼੍ਰੋਮਣੀ ਕੜ੍ਹਾਹ ਪ੍ਰਸ਼ਾਦ (ਕਚਕੌਲ) ਬਾਟਾ ਭਰ ਕੇ ਲਿਆਂਦਾ ਜੀ। ਯਥਾ:- ਪੁਛੇ ਪੀਰ. ਤਕਰਾਰ ਕਰਿ; ਏਹ ਫਕੀਰ ਵਡਾ ਅਤਾਈ। ਏਥੇ ਵਿਚਿ ਬਗ਼ਦਾਦ ਦੇ; ਵਡੀ ਕਰਾਮਾਤਿ ਦਿਖਲਾਈ। ਪਾਤਾਲਾ ਆਕਾਸ ਲਖ; ਓੜਕਿ ਭਾਲੀ ਖ਼ਬਰੁ ਸੁਣਾਈ। ਫੇਰਿ ਦੁਰਾਇਣ ਦਸਤਗੀਰ; ਅਸੀ ਭਿ ਵੇਖਾ. ਜੋ ਤੁਹਿ ਪਾਈ। ਨਾਲਿ ਲੀਤਾ ਬੇਟਾ ਪੀਰ ਦਾ; ਅਖੀ ਮੀਟਿ ਗਇਆ ਹਾਵਾਈ। ਲਖ ਆਕਾਸ ਪਤਾਲ ਲਖ; ਅਖਿ ਫੁਰੰਕ ਵਿਚਿ. ਸਭਿ ਦਿਖਲਾਈ। ਭਰਿ ਕਚਕੌਲ. ਪ੍ਰਸਾਦਿ ਦਾ; ਧੁਰੋ ਪਤਾਲੋ. ਲਈ ਕੜਾਹੀ। ਜਾਹਰ ਕਲਾ; ਨ ਛਪੈ ਛਪਾਈ॥ ਹੇ ਵਾਹੁ ਵਾਹੁ ਗੁਰ ਰੂਪ ਨਿਰੰਜਨੰ; ਸਤਿਗੁਰੂ ਸਾਹਿਬ ਜੀ! ਆਪ ਜੀ ਦੇ ਕੈਸੇ ਅਸਚਰਜ ਕੌਤਕ ਹਨ। ਆਪ ਜੀ ਦੇ ਕੌਤਕਾਂ ਨੂੰ ਦੇਖ ਕੇ ਦਾਸਨਦਾਸ ਮੋਹਿਆ ਜਾਂਦਾ, ਮਹਾਂ ਵਿਸਮਾਦ ਨਿਹਾਲ ਹੋ ਜਾਂਦਾ ਹੈ ਜੀ। ਯਥਾ:- ਅਪਨੇ ਕਰਤਬ ਆਪੇ ਜਾਨੈ; ਜਿਨਿ ਇਹੁ ਰਚਨੁ ਰਚਾਇਆ॥) ਚਲਿਤ ਤੁਮਾਰੇ ਪ੍ਰਗਟ ਪਿਆਰੇ; ਦੇਖਿ ਨਾਨਕ. ਭਏ ਨਿਹਾਲਾ ਜੀਉ॥੪॥੨੬॥੩੩॥) ਮੇਰਾ ਮਨੁ ਤਨੁ ਮੋਹਿ ਲੀਆ ਜੀਉ; ਦੇਖਿ ਚਲਤ ਤੁਮਾਰੇ॥

ਸਿੱਖਾਂ ਨੂੰ ਹੁਕਮ ਕੀਤਾ, ਗੁਰੂ ਘਰ 'ਚ ਤਿੰਨ ਮੇਲ ਦਾ ਪ੍ਰਸ਼ਾਦ ਹੀ ਪ੍ਰਵਾਨ ਹੈ। ਜਿਵੇਂ ਸੱਚੇ ਅਕਾਲਪੁਰਖੁ ਸਰੂਪ ਸ੍ਰੀ ਸਤਿਗੁਰੂ ਨਾਨਕਦੇਵ ਸਾਹਿਬ ਜੀ ਅਤੇ ਅੰਮ੍ਰਿਤ ਬ੍ਰਹਮ ਸਰੂਪ ਗੁਰਬਾਣੀ, ਗੁਰਸਬਦ, ਨਾਮ ਜੀ ਸ੍ਰਬ ਸ਼੍ਰੋਮਣੀ ਹਨ, ਤਿਵੇਂ ਅੰਮ੍ਰਿਤ ਰੂਪ ਪ੍ਰਸ਼ਾਦ ਜੀ ਭੀ ਸ੍ਰਬ ਸ਼੍ਰੋਮਣੀ ਹਨ ਜੀ।

## ਤ੍ਵਪ੍ਰਸਾਦਿ॥ ਸੁਭ ਸੱਚਾ ਅਮੋਲਕ ਅੰਮ੍ਰਿਤ ਨਾਮ

ਗੁਰਸਿਖਾ; ਗੁਰਸਿਖ ਸੇਵਾ ਲਾਇਆ॥ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਗੁਰਸਿਖਾ ਨੂੰ ਅਪਣੇ ਪਿਆਰੇ (ਗੁਰਸਿਖ) ਗੁਰਸਿੱਖਾਂ ਦੀ ਸੱਚੀ ਸੇਵਾ 'ਚ ਲਾਇਆ ਹੈ ਜੀ। ਤੇ ਪ੍ਰੇਮੀ ਨਾਮ ਰਸੀਏ

ਬ੍ਰਹਮ ਬੇਤੇ ਗੁਰਸਿਖਾ ਨੇ ਹੋਰ (ਗੁਰਸਿਖ) ਗੁਰਸਿੱਖਾਂ ਨੂੰ ਸੱਚੇ ਸਤਿਗੁਰੂ ਸਾਹਿਬ ਜੀ ਦੀ ਸੱਚੀ ਸੇਵਾ 'ਚ ਲਾਇਆ ਹੈ ਜੀ। ਅੱਗੇ ਸੇਵਾ ਦਰਸੌਂਦੇ ਹਨ:-

ਸਾਧਸੰਗਤਿ ਕਰਿ ਸੇਵ; ਸੁਖ ਫਲੁ ਪਾਇਆ॥ ਗੁਰਸਿੱਖ ਗੁਰਸੇਵਕਾਂ ਨੇ, ਇਕੁ ਸਿਖ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ॥) ਸਤਸੰਗਤਿ; ਕੈਸੀ ਜਾਣੀਐ॥ ਜਿਥੈ; ਏਕੋ ਨਾਮੁ ਵਖਾਣੀਐ॥ ਅਨੁਸਾਰ ਸੱਚੇ ਸਤਿਗੁਰੂ ਸਾਹਿਬ ਜੀ ਦੇ ਹਜ਼ੂਰੀ 'ਚ ਬਿਅੰਤ ਨਾਮ ਜਪਣ ਜਪੌਣ ਵਾਲੇ, ਕਥਾ ਕੀਰਤਨ ਕਰਨ ਕਰੌਣ ਵਾਲੇ ਗੁਰਸਿੱਖਾਂ ਦੀ ਸੱਚੀ ਸਾਧਸੰਗਤਿ ਜੀ ਦੀ ਸੱਚੀ (ਸੇਵ) ਸੇਵਾ (ਕਰਿ) ਕਰਕੇ ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਮਾਗ਼ 'ਚ ਗੁਰਬਾਣੀ, ਏਕਤਾ ਅਭੇਦਤਾ ਦਾ ਮਹਾਂ ਵਿਸਮਾਦ ਸੁਖ, ਸ਼ੁਭ ਗੁਣਾਂ ਰੂਪੀ ਫਲੁ (ਪਾਇਆ) ਪਾ ਲਿਆ ਜੀ। ਗੁਰੂ ਸਾਹਿਬ ਜੀ ਦੇ ਸੱਚੇ ਮਿੱਠੇ ਚਰਨਕਮਲਾਂ ਨਾਲ ਚਿੱਤ ਲਾ ਕੇ, ਰੋਮ ਰੋਮ ਕਰਕੇ ਸਿਮਰਨ ਕਰਦਿਆਂ, ਸ਼ੁਭ ਸ਼ੁੱਧ ਪਰਮਪਵਿੱਤ੍ਰ ਸੱਚੀ ਸੇਵਾ ਕਰਨੀ, ਜਿਵੇਂ ਧੰਨ ਵਾਹਿਗੁਰੂ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਸ੍ਰੀ ਥੜ੍ਹਾ ਸਾਹਿਬ ਜੀ ਆਪ ਬਣਾਏ।

ਤੱਪੜੁ। ਨ੍ਹਾਇਆ- ਤਪੜੁ ਝਾੜਿ ਵਿਛਾਇ ਧੂੜੀ ਨਾਇਆ॥ ਗੁਰਸਿੱਖ ਪ੍ਰੇਮੀ, ਪ੍ਰੇਮ ਚਾਅ ਉਤਸਾਹ ਨਾਲ ਤਪੜੁ ਝਾੜਿ ਕੇ ਸੱਚੀ ਸਾਧਸੰਗਤ ਜੀ ਦੇ ਬੈਠਣ ਲਈ (ਵਿਛਾਇ) ਵਿਛੌਣਾ ਕੀਤਾ ਜੀ। ਸੱਚੇ ਸਤਿਗੁਰੂ ਸਾਹਿਬ ਜੀ ਅਥਵਾ ਗੁਰਸਿੱਖਾਂ ਸਾਧੂਆਂ ਸੰਤਾਂ ਦੀ ਚਰਨਕਮਲਾਂ ਦੀ ਧੂੜੀ 'ਚ (ਨਾਇਆ) ਨ੍ਹਾਤਾ ਜੀ। ਯਥਾ:- ਮੱਜਨੁ- ਮਾਘਿ. ਮਜਨੁ ਸੰਗਿ ਸਾਧੂਆ; ਧੂੜੀ ਕਰਿ ਇਸਨਾਨੁ॥) ਐਸਾ ਗੁਰੁ ਵਡਭਾਗੀ ਪਾਈਐ; ਜਿਤੁ ਮਿਲਿਐ ਪ੍ਰਭੁ ਜਾਪੈ ਰਾਮ॥ ਉੱਤਰ-ਹਿ। ਧੂੜ੍ਹੀ। ਨਿੱਤ। ਨ੍ਹਾਪੈ- ਜਨਮ ਜਨਮ ਕੇ ਕਿਲਵਿਖ ਉਤਰਹਿ; ਹਰਿ ਸੰਤ ਧੂੜੀ ਨਿਤ ਨਾਪੈ ਰਾਮ॥ ਧੂੜ੍ਹੀ। ਨ੍ਹਾਈਐ- ਹਰਿ ਧੂੜੀ ਨਾਈਐ. ਪ੍ਰਭੂ ਧਿਆਈਐ; ਬਾਹੁੜਿ ਜੋਨਿ ਨ ਆਈਐ॥ ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ; ਮਨਿ ਚਿੰਦਿਆ ਫਲੁ ਪਾਈਐ॥) ਸਾਧ ਕੀ ਧੂਰਿ; ਕਰਹੁ ਇਸਨਾਨੁ॥ ਸਾਧ ਊਪਰਿ; ਜਾਈਐ ਕੁਰਬਾਨੁ॥ ਸਾਧ ਸੇਵਾ; ਵਡਭਾਗੀ ਪਾਈਐ॥ ਸਾਧਸੰਗਿ; ਹਰਿ ਕੀਰਤਨੁ ਗਾਈਐ॥

ਕੋਰੇ ਮਟ ਅਣਾਇ ਨੀਰੁ ਭਰਾਇਆ॥ ਕੋਰੇ (ਮਟ) ਘੜੇ (ਅਣਾਇ) ਲਿਆ ਕੇ, ਸਤਿਗੁਰੂ ਸਾਹਿਬ ਜੀ, ਗੁਰਸਿੱਖਾਂ, ਸਾਧਸੰਗਤ ਜੀ ਲਈ (ਨੀਰੁ) ਪਾਣੀ (ਭਰਾਇਆ) ਭਰਨਾ, ਭਰੌਣਾ ਕੀਤਾ। ਜਿਵੇਂ ਪਰਮਪੂਜਨੀਕ ਧੰਨ ਵਾਹਿਗੁਰੂ ਸਤਿਗੁਰੂ ਤੀਜੇ ਪਾਤਿਸ਼ਾਹ ਜੀ ਨੇ ਬਾਰਾਂ ਸਾਲ ਦਿਨ ਰਾਤ ਸੇਵਾ ਕੀਤੀ, ਗੁਰੂ ਘਰ ਦਾ ਜਲ ਢੋਇਆ। ਸ੍ਰੀ ਖ਼ਡੂਰ ਸਾਹਿਬ ਜੀ ਵਿਖੇ, ਰਾਤ ਬਾਰਾਂ ਵਜੇ ਤੋਂ ਮਗਰੋਂ ਉੱਠਦੇ, ਬਿਆਸ ਦਰਿਆ ’ਚੋਂ ਜਲ ਦੀ ਇੱਕ ਗਾਗਰ ਲਿਆ ਕੇ, ਪਰਮਪੂਜਨੀਕ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਨੂੰ ਜਲ ਛਕੌਂਦੇ, ਪਰਮਪਵਿੱਤ੍ਰ ਇਸ਼ਨਾਨ ਕਰੌਂਦੇ। ਭਾਵੇਂ ਉਮਰ ਵਡੇਰੀ ਸੀ, ਐਨੀ ਜ਼ਿਆਦਾ ਮਸੱਕਤ ਕੀਤੀ, ਠੰਢ ਨਾਲ ਪਰਮਪਵਿੱਤ੍ਰ ਸੱਚੇ ਚਰਨਕਮਲ, ਹਸਤਕਮਲ ਫਟ ਜਾਂਦੇ। ਭਾਵੇਂ ਬੱਸਤ੍ਰ ਫਟੇ ਹੁੰਦੇ, ਫੇਰ ਭੀ ਪ੍ਰਵਾਹ ਨਾ ਕਰਦੇ ਜੀ। ਯਥਾ:- ਬੇਪਰਵਾਹ ਸਦਾ ਰੰਗਿ ਹਰਿ ਕੈ; ਜਾ ਕੋ ਪਾਖੁ ਸੁਆਮੀ॥ਰਹਾਉ॥ ਆਪਣੇ ਪੇਟ ਨੂੰ ਭੁੱਖਾ ਰੱਖ ਕੇ, ਸ਼ੁਭ ਸੱਚੀ ਸੇਵਾ ਕਰਦੇ, ਬਈ ਸੇਵਾ ’ਚ ਆਲਸ ਨਾ ਆਵੇ। ਪਰਮਪੂਜਨੀਕ ਗੁਰੂ ਘਰ ’ਚ ਰਹਿਣ ਵਾਲੇ, ਮੰਦਰ ਮਸੀਤਾਂ ਦੀ ਸੇਵਾ ਕਰਨ ਵਾਲੇ, ਭਗਤੀ ਕਰਨ ਵਾਲੇ ਇਸ ਤੋਂ ਸਿੱਖਿਆ ਲੈਣ ਜੀ। ਯਥਾ:- ਜਲ ਢੋਇਓ ਸਤਿਗੁਰ ਕੇ ਦੁਆਰੇ ਇਹ ਬਿਧਿ ਪਾਇਓ ਮੋਖ ਦੁਆਰੇ॥) ਤੀਸਰ ਮਹਲ ਅਮਰ ਪਰਧਾਨਾ॥ ਜਿਹ ਘਟ ਮਹਿ ਨਿਰਖੇ ਹਰਿ ਭਗਵਾਨਾ॥ ਜਲ ਭਰਿਓ ਸਤਿਗੁਰੁ ਕੇ ਦੁਆਰੇ॥ ਤਬ ਇਹ ਪਾਇਓ ਮਹਲ ਅਪਾਰੇ॥

ਆਣਿ ਮਹਾ ਪਰਸਾਦੁ ਵੰਡਿ ਖਵਾਇਆ॥੧੦॥ ਮਹਾ ਪਰਸਾਦੁ ਭਾਵ ਤਿੰਨ ਮੇਲ ਦੇ ਕੜ੍ਹਾਹ ਪ੍ਰਸ਼ਾਦ (ਆਣਿ) ਲਿਆ ਕੇ, ਸੱਚੀ ਸਾਧਸੰਗਤ ਨੂੰ (ਵੰਡਿ) ਵਰਤਾ ਕੇ (ਖਵਾਇਆ) ਛਕੌਣਾ ਕੀਤਾ ਜੀ।

ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਨੇ ਤਿੰਨ ਮੇਲ ਦੇ ਕੜ੍ਹਾਹ ਪ੍ਰਸ਼ਾਦ ਦਾ ਨਾਮ, ਮਹਾਂਪ੍ਰਸ਼ਾਦ ਲਿਖਿਆ ਹੈ। ਗੁਰਦੁਆਰਿਆਂ ’ਚ ਵਿਗੜੇ ਪੁਜਾਰੀਆਂ ਦੀਆਂ ਮਾਸ ’ਤੇ ਲਾਲ੍ਹਾਂ ਡਿੱਗ ਪੈਂਦੀਆਂ। ਜੇ ਕੋਈ ਪੁੱਛਦਾ, “ਤੁਸੀਂ ਕੀ ਛਕਿਆ ਹੈ?” ਤਾਂ ਆਪਣੀ ਕਰਤੂਤ ਲੁਕੋਣ ਲਈ ਕਹਿੰਦੇ, “ਮਹਾਂਪ੍ਰਸ਼ਾਦ ਛਕਿਆ ਹੈ”। ਸੋ ਭਾਈ ਸਾਹਿਬ ਜੀ ਦੇ ਕਹੇ ਬਚਨਾਂ ਅਨੁਸਾਰ ਕੜਾਹ ਪ੍ਰਸ਼ਾਦ ਹੀ ਮਹਾਂਪ੍ਰਸ਼ਾਦ ਹੈ। ਜੋ ਸਮਰੱਥ

ਵਾਹਿਗੁਰੂ ਸਰੂਪ ਗੁਰੂ ਨਾਨਕਦੇਵ ਸਾਹਿਬ ਜੀ ਨੇ ਬਖ਼ਸ਼ਿਆ ਹੈ ਜੀ। ਕੜ੍ਹਾਹ ਪ੍ਰਸ਼ਾਦ ਨੂੰ ਨਿੱਤ ਨਾ ਛਕੋ, ਸੰਜਮ ਸੰਤੋਖ ਨਾਲ ਛਕੋ ਜੀ।

## ਤ੍ਵਪ੍ਰਸਾਦਿ॥ ਕੜ੍ਹਾਹ ਪ੍ਰਸ਼ਾਦ ਬਣੌਣ ਦੀ ਵਿਧੀ

ਬਣੌਣ ਵਾਲੇ ਪੰਜ ਕਕਾਰਾਂ ਦੇ ਧਾਰਨੀ, ਗੁਰਬਾਣੀ ਜੀ ਦੇ ਪੂਰਨ ਨਿੱਤਨੇਮੀ ਪ੍ਰੇਮੀ, ਘੱਟ ਤੋਂ ਘੱਟ ਤਿੰਨ ਸਿੰਘ ਹੋਣ ਜੀ। ਦੇਗ ਲਈ ਹੱਥ ਚੱਕੀ ਦਾ ਤਾਜਾ ਅਣਛਾਣਿਆ ਆਟਾ ਜਰੂਰ ਹੋਣਾ ਚਾਹੀਦਾ, ਕਿਉਂ ਜੋ ਤਾਜੇ ਆਟੇ ਨਾਲ ਦੇਗ ਬਹੁਤ ਸੁਆਦ ਬਣਦੀ ਹੈ। ਭਿੱਜੀ ਨਿਕੰਮੀ ਸੁਸਰੀ ਵਾਲੀ ਕਣਕ ਦਾ ਅਤੇ ਪੁਰਾਣਾ ਆਟਾ ਨਹੀਂ ਵਰਤਣਾ। ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ ਘਟ ਤੋਂ ਘਟ ਕੜ੍ਹਾਹ ਪ੍ਰਸ਼ਾਦ ਦੀ ਦੇਗ ਲਈ ਰੋਜ ਚੱਕੀ ਪੀਂਹਦੇ। ਕਹਿੰਦੇ "ਸਿੰਘੋ! ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਨੇ ਕੜ੍ਹਾਹ ਪ੍ਰਸ਼ਾਦ ਨੂੰ ਭੋਗ ਲੌਣਾ ਹੈ। ਪੂਰਨ ਪ੍ਰੇਮ ਸ਼ਰਧਾ ਸਹਿਤ ਸਜਰੇ ਆਟੇ, ਰਸਦਾਂ ਨਾਲ ਕੜ੍ਹਾਹ ਪ੍ਰਸ਼ਾਦ ਦੇਗ ਤਿਆਰ ਕਰਨੀ ਹੈ।" ਦੇਗ ਅਤੀ ਹੀ ਧੀਰਜ ਪ੍ਰੇਮ ਸ਼ਰਧਾ ਨਾਲ ਸਜੌਣੀ ਜੀ।

ਜੇਕਰ ਗ੍ਰੰਥੀ ਸਿੰਘ ਜੀ ਦੀ ਤਨਖਾਹ ਥੋੜੀ ਹੋਵੇ ਤਾਂ ਭੀ ਪ੍ਰੇਮ ਸਹਿਤ ਸੇਵਾ ਕਰਨ ਕਿ ਮੈਂ ਕੋਟਿ ਬ੍ਰਹਮੰਡਾਂ ਦੇ ਮਾਲਕ ਨੂੰ ਭੋਗ ਲਵੌਣਾ ਹੈ। ਦੇਗੀਏ ਸਿੰਘ ਆਪਸ ਵਿਚ ਗੱਲਾਂ ਨ ਕਰਨ। ਜਿਹੜੇ ਬਸਤਰ ਮੈਦਾਨ ਮਾਰਨ ਸਮੇਂ ਪਹਿਨੇ ਹੋਣ, ਉਹ ਪਾ ਕੇ ਸੇਵਾ ਨਹੀਂ ਕਰਨੀ। ਮੈਦਾਨ ਮਾਰ ਕੇ ਇਸਨਾਨ ਕਰਕੇ, ਕੜਾ ਕ੍ਰਿਪਾਨ ਮਾਂਜ ਕੇ, ਸੁੱਚੇ ਬਸਤਰ ਪਹਿਨ ਕੇ, ਮੂੰਹ ਲੱਕ ਬੰਨ ਕੇ ਹੱਥ ਧੋ ਕੇ ਸੇਵਾ ਕਰਨੀ। ਪੋਣੇ ਚਾਹੇ ਨਵੇਂ ਹੀ ਹੋਣ ਤਾਂ ਭੀ ਧੋ ਕੇ ਹੀ ਵਰਤਣੇ, ਨੀਲ ਨਹੀਂ ਦੇਣਾ। ਚੌਂਕੇ ਦੀ ਸਫਾਈ ਕਰਨੀ।

ਜੇ ਬਾਹਰ ਦਰੱਖਤ ਹੇਠਾਂ ਜਾਂ ਖੁੱਲੇ ਅਕਾਸ਼ 'ਚ ਕੜ੍ਹਾਹ ਪ੍ਰਸ਼ਾਦ ਤਿਆਰ ਕਰਨਾ ਹੋਵੇ ਤਾਂ ਕੜਾਹੀ ਉਪਰ ਚਾਨਣੀ ਲਾ ਕੇ ਦੇਗ ਬਣਾਉ। ਜੇ ਰਸੋਈ 'ਚ ਚਿਮਨੀ ਹੋਵੇ ਤਾਂ ਭੀ ਚਾਨਣੀ ਲਾਉ ਜੀ, ਕੜ੍ਹਾਹ ਪ੍ਰਸ਼ਾਦ ਉੱਪਰ ਧੂੰਆਂ ਨਾ ਡਿੱਗੇ, ਚਿਮਨੀ ਹੇਠ ਬਣੌਣ ਤੋਂ ਉਪਰ ਧੂੰਆਂ ਡਿੱਗਦਾ ਹੈ। ਸਰਬ ਲੋਹ ਦੀ ਕੜਾਹੀ, ਸਰਬ ਲੋਹ ਦਾ ਖੁਰਚਣਾ ਹੋਵੇ, ਜੋੜਾ ਪਾ ਕੇ ਸੇਵਾ ਨਹੀਂ ਕਰਨੀ। ਸੂਜੀ ਦੀ ਦੇਗ ਨੂੰ ਭੋਗ ਨਹੀਂ

ਲੱਗਦਾ। ਦੇਗੀਆ ਤੇੜੋਂ ਸਿਰੋਂ ਨੰਗਾ ਨ ਹੋਵੇ, ਦੇਗੀਏ ਪਾਸ ਰੌਲ਼ਾ ਨਹੀਂ ਪੌਣਾ। ਕੋਈ ਭੀ ਬਾਟਾ ਮਾਂਜਣ ਤੋਂ ਬਗੈਰ ਨਹੀਂ ਵਰਤਣਾ। ਕੜਾਹ ਪ੍ਰਸ਼ਾਦ ਜਾਂ ਗੁਰੂ ਕਾ ਲੰਗਰ ਤਿਆਰ ਕਰਦਿਆਂ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੇ ਚਰਨਕਮਲਾਂ ਦਾ ਧਿਆਨ ਧਾਰ ਕੇ ਨਾਮ ਜਪਣਾ ਗੁਰਬਾਣੀ ਪੜ੍ਹਣੀ ਤੇ ਸੁੱਚਮਤਾ ਰੱਖਣੀ ਅਤੀ ਹੀ ਜਰੂਰੀ ਹੈ ਜੀ। ਯਥਾ:- ਜੋ ਕੜਾਹ ਪ੍ਰਸਾਦਿ ਲੰਗਰ ਦਾ ਅਦਬ ਨਾਲ ਸੁੱਚੇ ਬਾਸਨ ਪਾਇਕੇ ਚੌਕਾ ਨਾ ਕਰੇ, ਸੋ ਤਨਖਾਹੀਆ।) ਆਟਾ ਗੁੰਨਦੀ, ਪ੍ਰਸਾਦਿ ਪਕਾਂਵਦੀ ਗੱਲਾਂ ਨਾ ਕਰੈ। ਜੁ ਪ੍ਰਸਾਦਿ ’ਤੇ ਥੁਕਾਂ ਪਉਂਦੀਉ ਹੈਨਿ। ਗੁਰੂ ਕੀ ਸਿਖਣੀ ਪ੍ਰਸਾਦਿ ਕਰਦੀ ਨੱਕ ਸੁਣਕੇ, ਯਾ ਪਿੰਡਾ ਖੁਰਕੇ, ਹਥ ਧੋਇ ਲਏ। (ਭਾਈ ਚੌਪਾ ਸਿੰਘ ਜੀ)

ਬੰਬੀ ਦਾ ਪਾਣੀ ਵਰਤ ਸਕਦੇ ਹੋਂ, ਔਲੂ ਦਾ ਪਾਣੀ ਨਹੀਂ ਵਰਤਣਾ, ਨਲਕੇ ਦੀ ਬੋਕੀ ਰਬੜ ਦੀ ਹੋਵੇ। ਖੰਡ ਸੋਧੋ, ਵਿੱਚ ਚਾਹ ਕੀੜੀਆਂ ਬੀੜੀ ਆਦਿ ਮਿਲਾਵਟ ਨ ਹੋਵੇ। ਸਰਬ ਲੋਹ ਦੇ ਬਾਟੇ ਅਤੇ ਦੇਸੀ ਘਿਉ ਤੋਂ ਬਿਨਾ ਸਤਿਗੁਰੂ ਸਾਹਿਬ ਜੀ ਨੂੰ ਭੋਗ ਨਹੀਂ ਲੱਗਦਾ। ਘਿਉ ਗਰਮ ਕਰਕੇ ਲੱਸੀ (ਝਗ) ਸਾੜ ਦੇਣੀ, ਘਿਉ ਨੂੰ ਮਲਮਲ ਦੇ ਸਾਫ ਬਸਤ੍ਰ ਨਾਲ ਪੁਣੋ। ਮਿੱਟੀ ਦਾ ਤੇਲ ਪਾਥੀ ਨ ਵਰਤੋ ਜੀ।

ਰਸਦ ਅੰਦਾਜੇ ਨਾਲ ਨਹੀਂ ਪੌਣੀ, ਤੋਲਣੀ ਅਤੀ ਹੀ ਜਰੂਰੀ ਹੈ, ਕਿਉਂਕਿ ਇਕੋ ਜਿਤਨੀ ਨੂੰ ਹੀ ਭੋਗ ਲੱਗਦਾ ਹੈ। ਭਾਵ ਖੰਡ, ਤਾਜਾ ਚੱਕੀ ਆਟਾ ਘਿਉ ਤਿੰਨੇ ਸੌ ਸੌ ਗ੍ਰਾਮ ਅਤੇ ਜਲ ਚਾਰ ਸੌ ਗ੍ਰਾਮ। ਰਸਦ ਸੰਗਤ ਜੀ ਦੇ ਇਕੱਠ ਅਨੁਸਾਰ ਘੱਟ ਵੱਧ ਹੋ ਸਕਦੀ ਹੈ। ਯਥਾ:- ਚੌਪਈ॥ ਕੜਾਹ ਪ੍ਰਸਾਦਿ ਕੀ ਬਿਧਿ ਸੁਨਿ ਲੀਜੈ॥ ਤੀਨ ਭਾਵ ਕੋ ਸਮਸਰ ਕੀਜੈ॥ ਲੇਪਨ ਆਗੈ ਬਹੁਕਰ ਦੀਜੈ॥ ਮਾਂਜਨ ਕਰਿ ਭਾਂਜਨ ਧੋਵੀਜੈ॥੭॥ ਕਰਿ ਇਸਨਾਨੁ ਪਵਿਤ੍ਰ ਹੋਇ ਬਹੈ॥ ਵਾਹਿਗੁਰੂ ਬਿਨੁ ਅਵਰੁ ਨ ਕਹੈ॥ ਨਵਤਨ ਕੁੰਭ ਪੂਰਿ ਜਲ ਲੇਹਿ॥ ਗੋਬਿੰਦ ਫਲ ਸਭ ਤਿਸ ਕਉ ਦੇਹਿ॥੮॥ ਕਰਿ ਤਿਆਰਿ ਚੌਕੀ ਪਰ ਧਰੈ॥ ਚਾਰ ਓਰ ਬਹਿ ਕੀਰਤਨ ਕਰੈ॥ ਸੁਨਿ ਨੰਦਲਾਲ ਬਾਤ ਹੈ ਏਹਿ॥ ਜਿਸ ਪਰ ਅਪੁਨੀ ਕ੍ਰਿਪਾ ਕਰੇਹਿ॥੯॥ (ਰਹਿਤਨਾਮਾ) ਸੋਰਠਾ॥ ਨੰਦ ਲਾਲ ਸੁਨ ਆਪ ਲੰਗਰ ਕੀ ਬਿਧਿ ਕਹੀ ਹਮ॥ ਹੋਵੇ ਬਡ ਪ੍ਰਤਾਪ ਜੁ ਇਹ ਬਿਧਿ ਸੋਂ ਕਰਾਵਤੇ॥੧੧੮॥ ਚੌਪਈ॥ ਲੰਗਰ ਕੀ ਬਿਧਿ ਜੋ ਸਮਝਾਈ॥ ਕੜਾਹ ਕਰਤ ਤਬ ਬੋਲੈ ਨਾਹੀ॥ ਜਪੁ ਅਰ

ਜਾਪੁ ਪਠਤ ਹੀ ਬਾਂਟੇ॥ ਕੜ੍ਹਾਹ ਕਰਨ ਕੋ ਐਸੇ ਠਾਟੇ॥੧੧੯॥ ਮੀਠਾ ਘੀ ਕਨਕ ਜੋ ਮੈਦਾ॥ ਕਰੋ ਬਰੋਬਰ ਤੀਨੋ ਪੈਦਾ॥੧੨੦॥

ਵਾਹਿਗੁਰੂ ਗੁਰਮੰਤ੍ਰ, ਮੂਲਮੰਤ੍ਰ ਜਪਦਿਆਂ ਚਾਸ ਉਬਾਲਣੀ ਅਰੰਭ ਕਰੋ, ਉਬਾਲ ਕੇ ਥੱਲੇ ਲਾਹ ਕੇ, ਠੰਢੇ ਪਾਣੀ ਦੇ ਛਿਟੇ ਮਾਰੋ, ਜਿਸ ਕਰਕੇ ਮੈਲ ਥੱਲੇ ਰਹਿ ਜਾਵੇ। ਕੜਾਹੀ ਦੀ ਮੈਲ਼ ਧੋ ਕੇ ਚਾਸ ਵਿਚ ਨਹੀਂ ਪੌਣੀ। ਆਟਾ ਭੁੰਨਣਾ ਅਰੰਭ ਕਰਦਿਆਂ ਹੀ ਸ੍ਰੀ ਜਪੁ ਜੀ ਸਾਹਿਬ ਜੀ ਅਰੰਭ ਕਰੋ। ;ਸਹਜਿ ਪਕੈ ਸੋ ਮੀਠਾ॥ ਅਨੁਸਾਰ ਮੱਠੀ ਮੱਠੀ ਅੱਗ ’ਤੇ ਆਟਾ ਭੁੰਨਦਿਆਂ ਵੱਧ ਤੋਂ ਵੱਧ ਬਾਣੀ ਪੜ੍ਹਨੀ। ਇਉਂ ਸਾਵਧਾਨ ਹੋ ਕੇ ਪਿਆਰ ਨਾਲ ਬਨੌਣੀ ਕਿ ਸੱਚੇ ਸਤਿਗੁਰੂ ਸਾਹਿਬ ਜੀ ਨੇ ਭੋਗ ਲੌਣਾ ਹੈ। ਜਦੋਂ ਆਟਾ ਭੁੱਜਣ ’ਤੇ ਔਂਦਾ ਹੈ ਤਾਂ ਇੱਕ ਦਮ ਸੇਕ ਨਿੱਕਲ ਜਾਂਦਾ ਹੈ। ਇਸ ਕਰਕੇ ਜਦੋਂ ਆਟਾ ਭੁੱਜਣ ’ਤੇ ਆ ਜਾਵੇ, ਤਾਂ ਅੱਗ ਘੱਟ ਕਰ ਦਿਉ। ਥੋੜਾ ਜਿਹਾ ਭੁਜਿਆ ਆਟਾ ਚਾਸ ’ਚ ਪਾਉ, ਜੇ ਤਰਦਾ ਹੋਵੇ ਤਾਂ ਸਮਝੋ ਭੁੱਜ ਗਿਆ ਹੈ ਜੀ। ਭੁੱਜੇ ਦਾ ਰੰਗ ਭੀ ਬਦਲ ਜਾਂਦਾ ਹੈ ਜੀ। ਜ਼ਿਆਦਾ ਸੇਕ ਲੱਗਣ ਦਾ ਭੀ ਡਰ ਹੁੰਦਾ ਹੈ, ਇਸ ਕਰਕੇ ਆਟਾ ਭੁੱਜਦਿਆਂ ਹੀ ਤੁਰੰਤ ਚਾਸ ਪਾਉ। ਕਾਹਲੀ ਨਾਲ ਪੌਣੇ ਕਰਕੇ ਉਪਰ ਛਿੱਟੇ ਪੈ ਜਾਂਦੇ ਹਨ। ਭਾਫ਼ ਉਪਰ ਨੂੰ ਛੇਤੀ ਹੀ ਉਠਦੀ ਹੈ, ਗੰਢਾਂ ਭੀ ਪੈ ਜਾਂਦੀਆਂ ਹਨ। ਚਾਸ ਦੀ ਹੇਠਲੀ ਮੈਲ਼ ਛੱਡ ਦੇਣੀ। ਜੇਕਰ ਆਟਾ ਜ਼ਿਆਦਾ ਭੁੱਜ ਜਾਵੇ ਤਾਂ ਦੇਗ ਕਾਲੀ ਹੋ ਜਾਂਦੀ ਹੈ ਫੇਰ ਠੰਢਾ ਪਾਣੀ ਪੌਣਾ ਪੈਂਦਾ ਹੈ। ਜਿਤਨਾ ਠੰਢਾ ਪਾਣੀ ਪਾਵੋ ਉਤਨੀ ਖੰਡ ਹੋਰ ਪਾਉ। ਜੇ ਕਿਸ ਕਾਰਨ ਚਾਸ ਵੱਧ ਜਾਵੇ ਤਾਂ ਭੋਗ ਲੱਗਣ ਤੋਂ ਪਹਿਲਾਂ ਨਹੀਂ ਵਰਤਣੀ ਜੀ।

ਵਾਹਿਗੁਰੂ॥ ਕੇਵਲ ਆਟਾ ਭੁੰਨ ਕੇ ਉਸ ਵਿਚ ਠੰਢਾ ਪਾਣੀ ਅਤੇ ਖੰਡ ਪਾ ਦੇਣੀ ਮਰਯਾਦਾ ਦੇ ਉਲਟ ਹੈ, ਆਪਣੀ ਮਤਿ ਨਹੀਂ ਵਰਤਣੀ ਜੀ। ਦੇਗ ਇੱਕ ਦਮ ਗਰਮ ਗਰਮ ਚੁੱਕਣੀ ਭੀ ਔਖੀ ਹੈ, ਕੋਸੀ ਕਰਕੇ ਦਰਬਾਰ ਸਾਹਿਬ ’ਚ ਲਿਜਾਉ।

ਵਾਹਿਗੁਰੂ॥ ਗੁਰਮੁਖਾਂ ਦੇ ਚਰਨਕਮਲਾਂ ’ਤੇ ਮੱਥਾ ਰੱਖ ਕੇ ਪ੍ਰੇਮ ਬੇਨਤੀ ਹੈ, ਕਿ ਜਿਤਨੀ ਘੱਟ ਅੱਗ ’ਤੇ ਆਟਾ ਭੁੰਨਿਆ ਜਾਵੇ ਉਤਨੀ ਦੇਗ ਸੁਆਦ ਬਣੇਗੀ। ਤੇਜ ਅੱਗ ਨਾਲ ਦੇਗ ਕੌੜੀ ਕਾਲੀ ਹੋ ਜਾਂਦੀ ਹੈ, ਤੇਜ ਅੱਗ ਨਾਲ ਬਾਲਣ ਜ਼ਿਆਦਾ ਖਪਦਾ ਹੈ, ਬਾਲਣ ਵਾਲੇ ਹੱਥ ਧੋ ਕੇ ਸੇਵਾ ਕਰੋ। ਹਜ਼ੂਰੀ ’ਚ ਵਿਛਾਈ

ਕਰਕੇ, ਜਲ ਛਿੜਕਦਿਆਂ, ਜਾਪ ਕਰਦਿਆਂ, ਦੇਗ ਲਿਜਾਂਦੇ ਦੇਖੋ ਤਾਂ ਉਠ ਕੇ ਨਮਸਕਾਰ ਕਰੋ। ਘੜਿਆਲ ਵਜਾ ਕੇ ਦੇਗ ਲਿਜਾਣੇ ਕਰਕੇ ਵਿਸ਼ੇਸ਼ ਸਤਿਕਾਰ ਹੈ। ਸਜੇ ਦੀਵਾਨ ਕੋਲੇ ਜਾ ਕੇ ਘੜਿਆਲ ਨਹੀਂ ਵਜੌਣੀ। ਸਤਿਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠੀ ਸਤਿਸੰਗਤ ਜੀ ਨੇ ਦੇਗ ਦੇ ਆਇਆ ਉਠ ਕੇ ਖੜ੍ਹੇ ਨਹੀਂ ਹੋਣਾ। ਦੇਗ ਸਤਿਗੁਰੂ ਸਾਹਿਬ ਜੀ ਦੇ ਪਾਵਨ ਸਰੂਪ ਨਾਲੋਂ ਨੀਵੀਂ ਰੱਖੋ, ਜ਼ਿਆਦਾ ਨੇੜੇ ਨ ਰੱਖੋ, ਥੰਦੇ ਦੇ ਛਿਟੇ ਨਹੀਂ ਪੈਣ ਦੇਣੇ। ਜੇਕਰ ਉੱਚੀ ਹੋਵੇ ਤਾਂ ਬਾਟਾ ਸਤਿਗੁਰੂ ਸਾਹਿਬ ਜੀ ਉਪਰ ਡਿੱਗ ਸਕਦਾ ਹੈ।

ਜਿਹੜਾ ਘਿਉ ਸਤਿਸੰਗਤ ਦੇ ਮੂੰਹ 'ਚ ਪੈਣਾ ਹੈ, ਉਹ ਪੋਣਿਆਂ ਨੂੰ ਹੀ ਲੱਗ ਜਾਂਦਾ ਹੈ, ਪੋਣੇ ਧੋਣ ਲਈ ਸਾਬਣ ਅਤੇ ਸਮਾਂ ਭੀ ਖਰਚ ਹੁੰਦਾ ਹੈ। ਇਸ ਲਈ ਦੇਗ ਉਪਰ ਲੱਕੜ ਦੀਆਂ ਫੱਟੀਆਂ ਧੋ ਕੇ ਜਾਂ ਲੋਹੇ ਦੀਆਂ ਪੱਤੀਆਂ ਮਾਂਜ ਕੇ ਰੱਖੋ, ਉਪਰ ਬਸਤਰ ਪਾਉ। ਜਾਲ਼ੀ ਵਿਚ ਦੇਗ ਰੱਖੀ ਜਾਵੇ ਤਾਂ ਬਹੁਤ ਹੀ ਚੰਗਾ ਹੈ। ਗਰਮੀ 'ਚ ਦੇਗ ਠੰਢੀ/ਕੋਸੀ ਕਰੋ, ਸਰਦੀ 'ਚ ਗਰਮ ਰੱਖਣੀ। ਤਾਰ ਆਦਿ ਕੋਈ ਚੀਜ ਬਾਟੇ ਨੂੰ ਨ ਲੱਗੇ। ਦੇਗ ਕੋਲ਼ੇ ਪਾਣੀ ਦਾ ਗੜਵਾ ਰੱਖਣਾ ਜਰੂਰੀ ਹੈ। ਇੱਕ ਪ੍ਰੇਮੀ ਦੇਗ ਕੋਲ਼ੇ ਪਹਿਰਾ ਦੇਵੇ, ਪੱਖੀ ਝੱਲਦਾ ਰਹੇ, ਲਾਪ੍ਰਵਾਹੀ ਨਹੀਂ ਕਰਨੀ, ਇੱਕ ਪਿੰਡ ਕੁੱਤੇ ਦੇਗ ਖਾਣ ਲੱਗ ਗਏ ਸਨ।

## ਤ੍ਵਪ੍ਰਸਾਦਿ॥ ਪਰਮਪੂਜਨੀਕ ਸ੍ਰੀ ਦਮਦਮੀ ਟਕਸਾਲ 'ਚ ਪੂਰਨ ਸਤਿਗੁਰੂ ਸਾਹਿਬ ਜੀ ਪਾਸ ਦੇਗ਼ ਸਜਾ ਕੇ, ਇਹ ਗੁਰਬਾਣੀ ਪੜ੍ਹਦੇ ਹਨ

੧.ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ॥ਜਪੁ॥ ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥੧॥

੨.ਸ੍ਰੀ ਜਾਪੁ ਸਾਹਿਬ ਜੀ ਦਾ ਪਹਿਲਾ ਛੰਦ:- ੴ ਸਤਿਗੁਰ ਪ੍ਰਸਾਦਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹ॥ ਜਾਪੁ॥ ਸ੍ਰੀ ਮੁਖਵਾਕ ਪਾਤਿਸਾਹੀ ੧੦॥ ਛਪੈ ਛੰਦ॥ ਤ੍ਵਪ੍ਰਸਾਦਿ॥ ਚੱਕ੍ਰ ਚਿਹਨ ਅਰੁ ਬਰਨ ਜਾਤਿ; ਅਰੁ ਪਾਤਿ ਨਹਿਨ ਜਿਹ॥ ਰੂਪ ਰੰਗ ਅਰੁ ਰੇਖ ਭੇਖ; ਕੋਊ ਕਹਿ ਨ ਸਕਤਿ ਕਿਹ॥ ਅਚਲ ਮੂਰਤਿ ਅਨਭਉ ਪ੍ਰਕਾਸ; ਅਮਿਤੋਜ ਕਹਿੱਜੈ॥ ਕੋਟਿ ਇੰਦ੍ਰ ਇੰਦ੍ਰਾਣਿ; ਸਾਹਿ ਸਾਹਾਣਿ ਗਣਿੱਜੈ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ; ਨੇਤ ਨੇਤ ਬਨ ਤ੍ਰਿਣ ਕਹਤ॥ ਤ੍ਵ ਸਰਬ ਨਾਮ, ਕਥੈ ਕਵਨ; ਕਰਮ ਨਾਮ ਬਰਨਤ ਸੁਮਤਿ॥੧॥)

੩.ਚਾਚਰੀ ਛੰਦ॥ ਤ੍ਵਪ੍ਰਸਾਦਿ॥ ਗੋਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥੯੪॥ ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥੯੫॥

੪.ਭੁਜੰਗ ਪ੍ਰਯਾਤ ਛੰਦ॥ ਨਮਸਤੁਲ ਪ੍ਰਨਾਮੇ; ਸਮਸਤੁਲ ਪ੍ਰਣਾਸੇ॥ ਅਗੰਜੁਲ ਅਨਾਮੇ; ਸਮਸਤੁਲ ਨਿਵਾਸੇ॥ ਨ੍ਰਿਕਾਮੰ ਬਿਭੂਤੇ; ਸਮਸਤੁਲ ਸਰੂਪੇ॥ ਕੁਕਰਮੰ ਪ੍ਰਣਾਸੀ; ਸੁਧਰਮੰ ਬਿਭੂਤੇ॥੧੯੭॥ ਸਦਾ ਸਚਦਾਨੰਦ; ਸਤ੍ਰੰ ਪ੍ਰਣਾਸੀ॥ ਕਰੀਮੁਲ ਕੁਨਿੰਦਾ; ਸਮਸਤੁਲ ਨਿਵਾਸੀ॥ ਅਜਾਇਬ ਬਿਭੂਤੇ; ਗਜਾਇਬ ਗਨੀਮੇ॥ ਹਰੀਅੰ ਕਰੀਅੰ; ਕਰੀਮੁਲ ਰਹੀਮੇ॥੧੯੮॥ ਚੱਤ੍ਰ ਚੱਕ੍ਰ ਵਰਤੀ; ਚੱਤ੍ਰ ਚੱਕ੍ਰ ਭੁਗਤੇ॥ ਸੁਯੰਭਵ ਸੁਭੰ, ਸਰਬਦਾ ਸਰਬ ਜੁਗਤੇ॥ ਦੁਕਾਲੰ ਪ੍ਰਣਾਸੀ; ਦਇਆਲੰ ਸਰੂਪੇ॥ ਸਦਾ ਅੰਗ ਸੰਗੇ; ਅਭੰਗੰ ਬਿਭੂਤੇ॥੧੯੯॥

੫.ਸੰਪੂਰਨ ਸ੍ਰੀ ਅਨੰਦੁ ਸਾਹਿਬ ਜੀ। (੯੧੭ਆਦਿ)

੬.ਮੁੰਦਾਵਣੀ ਮਹਲਾ ੫॥ ਥਾਲ ਵਿਚਿ. ਤਿੰਨਿ ਵਸਤੂ ਪਈਓ; ਸਤੁ ਸੰਤੋਖੁ ਵੀਚਾਰੋ॥ ਅੰਮ੍ਰਿਤ ਨਾਮੁ. ਠਾਕੁਰ ਕਾ ਪਇਓ; ਜਿਸ ਕਾ ਸਭਸੁ ਅਧਾਰੋ॥ ਜੇ ਕੋ ਖਾਵੈ. ਜੇ ਕੋ ਭੁੰਚੈ; ਤਿਸ ਕਾ ਹੋਇ ਉਧਾਰੋ॥ ਏਹ ਵਸਤੁ. ਤਜੀ ਨਹ ਜਾਈ; ਨਿਤ ਨਿਤ ਰਖੁ ਉਰਿ ਧਾਰੋ॥ ਤਮ ਸੰਸਾਰੁ. ਚਰਨ ਲਗਿ ਤਰੀਐ; ਸਭੁ ਨਾਨਕ ਬ੍ਰਹਮ ਪਸਾਰੋ॥੧॥

੭.ਸਲੋਕ ਮਹਲਾ ੫॥ ਤੇਰਾ ਕੀਤਾ. ਜਾਤੋ ਨਾਹੀ; ਮੈਨੋ ਜੋਗੁ ਕੀਤੋਈ॥ ਮੈ ਨਿਰਗੁਣਿਆਰੇ. ਕੋ ਗੁਣੁ ਨਾਹੀ; ਆਪੇ ਤਰਸੁ ਪਇਓਈ॥ ਤਰਸੁ ਪਇਆ. ਮਿਹਰਾਮਤਿ ਹੋਈ; ਸਤਿਗੁਰੁ ਸਜਣੁ ਮਿਲਿਆ॥ ਨਾਨਕ. ਨਾਮੁ ਮਿਲੈ ਤਾਂ ਜੀਵਾਂ; ਤਨੁ ਮਨੁ ਥੀਵੈ ਹਰਿਆ॥੧॥

੮.ਸਲੋਕੁ॥ ਪਵਣੁ ਗੁਰੂ, ਪਾਣੀ ਪਿਤਾ; ਮਾਤਾ ਧਰਤਿ ਮਹਤੁ॥ ਦਿਵਸੁ ਰਾਤਿ ਦੁਇ, ਦਾਈ ਦਾਇਆ; ਖੇਲੈ ਸਗਲ ਜਗਤੁ॥ ਚੰਗਿਆਈਆ ਬੁਰਿਆਈਆ; ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ; ਕੇ ਨੇੜੈ ਕੇ ਦੂਰਿ॥ ਜਿਨੀ. ਨਾਮੁ ਧਿਆਇਆ; ਗਏ ਮਸਕਤਿ ਘਾਲਿ॥ ਨਾਨਕ. ਤੇ ਮੁਖ ਉਜਲੇ; ਕੇਤੀ ਛੁਟੀ ਨਾਲਿ॥੧॥

ਆਦਿ ਗੁਰਬਾਣੀ ਪੜ੍ ਕੇ, ਪੂਰਨ ਅਦਬ ਸਤਿਕਾਰ ਸਹਿਤ ਗੁਰ ਫਤੇਹ ਬੁਲਾ ਕੇ ਮੱਥਾ ਟੇਕਣਾ। ਖਾਸ ਪ੍ਰੇਮੀ ਦੇਗ ਨੂੰ ਹਜ਼ੂਰੀ 'ਚ ਸਜਾ ਕੇ, ਵੱਧ ਤੋਂ ਵੱਧ ਸਮਾਂ, ਰਸ ਰਸ ਕੇ ਕੀਰਤਨ ਕਥਾ ਕਰਨ।

# ਤ੍ਵਪ੍ਰਸਾਦਿ॥ ਸੰਪੂਰਨ ਸ੍ਰੀ ਅਨੰਦ ਸਾਹਿਬ ਜੀ ਪੜ੍ਹਨ ਬਾਰੇ ਪ੍ਰੇਮ ਬੇਨਤੀ

ਜਿਵੇਂ ਤਿੰਨ ਮੇਲ ਦੀ ਇਕੋ ਜਿਹੀ ਰਸਦ ਦੀ ਲੋੜ ਹੈ, ਤਿਵੇਂ ਪੂਰੀ ਪੂਰੀ ਗੁਰਬਾਣੀ ਪੜ੍ਹਨ ਦੀ ਖਾਸ ਲੋੜ ਹੈ। ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਸੌ ਸਾਖੀ 'ਚ ਕਿਹਾ ਹੈ, "ਪੂਰਨ ਰਹਿਤਵਾਨ ਪ੍ਰੇਮੀ ਦੇਗ ਪਾਸ, ਉਪ੍ਰੋਕਤ ਅੰਮ੍ਰਿਤ ਸਰੂਪ ਗੁਰਬਾਣੀਆਂ ਸੰਪੂਰਨ ਸ੍ਰੀ ਅਨੰਦ ਸਾਹਿਬ ਜੀ ਸਮੇਤ ਤਿੰਨ ਪਾਠ ਪੂਰਨ ਸ਼ੁੱਧੀ ਸਹਿਤ ਕਰੇ ਤਾਂ ਜਿਹੜਾ ਭੀ ਸ਼ੁਭ ਕਾਰਜ ਹੋਵੇਗਾ, ਪੂਰਾ ਹੋ ਜਾਵੇਗਾ"। ਜਦੋਂ ਤੋਂ ਸਤਿਗੁਰੂ ਸਾਹਿਬ ਜੀ ਨੇ ਸੰਪੂਰਨ ਸ੍ਰੀ ਅਨੰਦ ਸਾਹਿਬ ਜੀ ਦੀ ਮਰਯਾਦਾ ਕਾਇਮ ਕੀਤੀ ਹੈ। ਅੱਜ ਤੱਕ ਬੇਅੰਤ ਹੀ ਪਾਠ ਹੋ ਚੁੱਕੇ ਹਨ। ਇਉਂ ਅੱਗੇ ਨੂੰ ਭੀ ਬੇਅੰਤ ਹੀ ਹੋਣਗੇ। ਜੇਕਰ ਅਸੀਂ ਪੰਜ ਪਉੜੀਆਂ ਹੀ ਪੜ੍ਹਦੇ ਹਾਂ ਤਾਂ ਅੰਮ੍ਰਿਤ ਸਰੂਪ ਗੁਰਬਾਣੀ ਦੇ ਚਲਦੇ ਪ੍ਰਵਾਹ ਨੂੰ ਰੋਕਣ ਦਾ ਦੋਸ਼ ਸਾਨੂੰ ਲੱਗਦਾ ਹੈ। ਇਸ ਕਰਕੇ ਨਿਮ੍ਰਤਾ ਸਹਿਤ ਪ੍ਰੇਮ ਬੇਨਤੀ ਹੈ ਜੀ, ਕਿ ਅਸੀਂ ਗੁਰੂ ਮਰਯਾਦਾ ਅਨੁਸਾਰ ਇਸ ਪ੍ਰਵਾਹ ਨੂੰ ਚਲਾਈ ਰੱਖੀਏ ਅਤੇ ਸ੍ਰੀ ਗੁਰੂ ਸਾਹਿਬ ਜੀ ਦੀਆਂ ਲੱਖਾਂ ਖੁਸ਼ੀਆਂ ਪ੍ਰਾਪਤ ਕਰੀਏ। ਯਥਾ:- ਲਖ ਖੁਸੀਆ ਪਾਤਿਸਾਹੀਆ ਜੇ; ਸਤਿਗੁਰੁ ਨਦਰਿ ਕਰੇਇ॥ ਨਿਮਖ ਏਕ ਹਰਿ ਨਾਮੁ ਦੇਇ; ਮੇਰਾ ਮਨੁ ਤਨੁ ਸੀਤਲੁ ਹੋਇ॥

ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥ ਸ੍ਰੀ ਸਤਿਗੁਰੂ ਸਾਹਿਬ ਜੀ ਦੀ ਖੁਸ਼ੀ ਲੈਣ ਲਈ, ਪੂਰਨ ਮਹਾਂਪੁਰਖ ਗੁਰਮੁਖਿ ਭਾਈ ਬਾਲਾ ਸਾਹਿਬ ਜੀ, ਗੁਰਮੁਖਿ ਭਾਈ ਮਰਦਾਨਾ ਸਾਹਿਬ ਜੀ, ਗੁਰਮੁਖਿ ਭਾਈ ਬਿਧੀ ਚੰਦ ਸਾਹਿਬ ਜੀ, ਸੂਰਬੀਰ ਮਹਾਨ ਯੋਧੇ ਗੁਰਮੁਖਿ ਭਾਈ ਮਹਾਂ ਸਿੰਘ ਜੀ, ਸ਼ਹੀਦ ਗੁਰਮੁਖਿ ਭਾਈ ਮਨੀ ਸਿੰਘ ਜੀ, ਸ਼ਹੀਦ ਗੁਰਮੁਖਿ ਬਾਬਾ ਦੀਪ ਸਿੰਘ ਜੀ, ਮਹਾਂ ਸੂਰਬੀਰ ਗੁਰਮੁਖਿ ਭਾਈ ਬਚਿੱਤਰ ਸਿੰਘ ਜੀ, ਗੁਰਮੁਖਿ ਪੰਜ ਪਿਆਰੇ, ਗੁਰਮੁਖਿ ਪੰਜ ਮੁਕਤੇ, ਗੁਰਮੁਖਿ ਚਾਰ ਸਹਿਬਜ਼ਾਦਿਆਂ ਜੀ ਦੀ ਕਮਾਈ ਦੇਖੋ, ਜਿਨ੍ਹਾਂ ਨੇ ਸਤਿਗੁਰੂ ਸਾਹਿਬ ਜੀ ਦੀ ਪਰਮ ਪ੍ਰਸੰਨਤਾ ਲੈਣ ਲਈ, ਅੰਗ ਅੰਗ ਕਟਵਾਏ ਪਰ ਸੀ ਨਹੀਂ ਉਚਾਰੀ। ਉਨ੍ਹਾਂ ਦੀ ਕੁਰਬਾਨੀ ਤੋਂ ਸਿੱਖਿਆ ਪ੍ਰੇਮ ਭਾਵ ਲੈ ਕੇ, ਸੰਪੂਰਨ ਸ੍ਰੀ ਅਨੰਦ ਸਾਹਿਬ ਜੀ ਪੜ੍ਹ ਕੇ, ਸਤਿਗੁਰੂ ਸਾਹਿਬ ਜੀ ਦੀਆਂ ਲੱਖਾਂ ਖੁਸ਼ੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਗੁਰਮੁਖਿ ਭਾਈ ਚੌਪਾ ਸਿੰਘ ਜੀ ਰਹਿਤਨਾਮੇ ਜੀ ਲਿਖਦੇ ਹਨ:- ਜੋ ਸਿਖ ਅਨੰਦ ਪੜ੍ਹੇ ਬਿਨਾਂ. ਕੜਾਹ ਵਰਤਾਏ, ਸੋ ਤਨਖਾਹੀਆ।

ਵਾਹਿਗੁਰੂ॥ ਉਪ੍ਰੋਕਤ ਕੁਰਬਾਨੀਆਂ ਦੇ ਧਿਆਨ ਨਾਲ ਕੜ੍ਹਾਹ ਪ੍ਰਸ਼ਾਦ 'ਛਕਣ ਵੇਲੇ ਸੰਤੋਖ ਰੱਖਣਾ ਜੀ। ਪੂਜਾ ਦੇ ਧਨ ਪਦਾਰਥ ਨੂੰ ਆਪਣੇ ਸੁਖ ਅਰਾਮ ਲਈ ਨਹੀਂ ਵਰਤਣਾ, ਇਸ ਨੂੰ ਜ਼ਹਿਰ ਸਮਝ ਕੇ, ਗੁਰੂ ਸੇਵਾ 'ਚ ਲਾ ਕੇ, ਸਤਿਗੁਰੂ ਸਾਹਿਬ ਜੀ ਦੀ ਖੁਸ਼ੀ ਪ੍ਰਾਪਤ ਕਰਨੀ। ਸੰਤੋਖ ਸਹਿਤ ਛਕਣਾ, ਜ਼ਿਆਦਾ ਛਕਣ ਨਾਲ ਹਾਰਟ ਅਟੈਕ ਅਨੇਕ ਬੀਮਾਰੀਆਂ ਲੱਗੀਆਂ, ਹੁਣ ਭੀ ਲੱਗ ਰਹੀਆਂ ਹਨ, ਪਿਆਰੇ ਜੀ ਬਚੋ!

## ਤ੍ਵਪ੍ਰਸਾਦਿ॥ ਭੋਗ ਲੁਔਣਾ ਤੇ ਕ੍ਰਿਪਾਨ ਕਦੋਂ ਭੇਟ ਕਰਨੀ

ਤ੍ਵਪ੍ਰਸਾਦਿ॥ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਕ੍ਰਿਪਾਨ ਨੂੰ ਆਪਣਾ ਪੀਰ ਕਹਿ ਕੇ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਕ੍ਰਿਪਾਨ ਭੇਟ ਕਰਨ ਦੀ ਮਰਯਾਦਾ ਤੋਰੀ ਹੈ। ਯਥਾ:- ਅਸਿ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ॥ ਸੈਫ ਸਰੋਹੀ ਸੈਹਥੀ, ਯਹੈ ਹਮਾਰੈ ਪੀਰ॥੩॥) ਯਥਾ:- ਜੋ ਕਤਹੂੰ ਪ੍ਰਸਾਦਹਿ ਪਾਵੈ॥ [1]ਕਰਦ ਭੇਟ ਬਿਨ ਕਬਹੂੰ ਨ ਖਾਵੈ॥ ([1]ਕ੍ਰਿਪਾਨ)

ਤ੍ਵਪ੍ਰਸਾਦਿ॥ ਦੇਗ ਕੋਲ਼ੇ ਰੱਖੇ ਜਲ ਨੂੰ ਭੋਗ ਨਹੀਂ ਲੈਣਾ, ਉਸ ਨਾਲ ਹੱਥ ਧੋਈਦੇ ਹਨ। ਕ੍ਰਿਪਾਨ ਦਾ ਮੁਠਾ ਅੱਡ ਦਾ ਨ ਹੋਵੇ, ਉਹ ਭੀ ਸਰਬ ਲੋਹ ਦਾ ਹੀ ਹੋਵੇ, ਸਟੀਲ ਦੀ ਕ੍ਰਿਪਾਨ ਨਾਲ ਭੋਗ ਨਹੀਂ ਲਵੌਣਾ, ਸਰਬਲੋਹ ਦੀ ਕ੍ਰਿਪਾਨ ਘੱਟ ਤੋਂ ਘੱਟ ਨੌਂ ਇੰਚ ਹੋਵੇ, ਮਾਂਜਣੀ ਅਤੀ ਹੀ ਜਰੂਰੀ ਹੈ। ਜੇ ਛੋਟੀ ਕਿਰਪਾਨ ਨ ਹੋਵੇ ਤਾਂ ਸਰਬਲੋਹ ਵੱਡੀ ਕ੍ਰਿਪਾਨ ਨਾਲ਼ ਭੋਗ ਲਾਉ ਜੀ। ਭੋਗ ਲਵੌਣ ਵੇਲੇ ਦੇਗ 'ਚ ਖੁਰਚਣਾ ਆਦਿ ਨਹੀਂ ਰੱਖਣਾ, ਕਿਉਂਕਿ ਉਹ ਸ਼ਸਤ੍ਰ ਹੈ, ਇਸ ਕਰਕੇ ਉਸ ਨੂੰ ਹੀ ਭੋਗ ਲੱਗ ਜਾਂਦਾ ਹੈ।

ਜਦੋਂ ਗੁਰਮੁਖਿ ਅਰਦਾਸੀਆ ਸਿੰਘ ਅਰਦਾਸ 'ਚ "ਧਰਮ ਦੇ ਇਸ ਸੁਭ ਕਾਰਜ ਦੀ ਖ਼ੁਸ਼ੀ 'ਚ ਦੇਗ਼ ਹਾਜ਼ਰ ਹੈ। ਸਜੌਣ ਵਾਲੇ ਪ੍ਰੇਮੀਆਂ ਤੋਂ ਹੋਈ ਭੁੱਲ ਦੀ ਮੁਆਫ਼ੀ ਬਖ਼ਸ਼ਣੀ। ਅਨਿਕ ਪ੍ਰਕਾਰ ਭੋਜਨ ਬਹੁ ਕੀਏ; ਬਹੁ ਬਿੰਜਨ ਮਿਸਟਾਏ॥ ਕਰੀ ਪਾਕਸਾਲ ਸੋਚ ਪਵਿਤ੍ਰਾ; ਹੁਣਿ ਲਾਵਹੁ ਭੋਗੁ ਹਰਿ ਰਾਏ॥੨॥" ਦੀ ਪੰਗਤੀ ਪੜ੍ਹਣ ਤੋਂ ਗੁਰਮੁਖਿ ਦੇਗੀਆ ਸਿੰਘ ਕ੍ਰਿਪਾਨ ਭੇਟ ਕਰਕੇ ਕੜ੍ਹਾਹ ਪ੍ਰਸ਼ਾਦਿ ਅਤੇ ਲੰਗਰ ਨੂੰ ਭੋਗ ਲਾਵੇ ਜੀ। ਤ੍ਵਪ੍ਰਸਾਦਿ॥ ਜਿਆਦਾ ਗਰਮ ਦੇਗ਼ ਨੂੰ ਕ੍ਰਿਪਾਨ ਭੇਟ ਨਹੀਂ ਕਰਨੀ।

## ਤ੍ਵਪ੍ਰਸਾਦਿ॥ ਭੋਗ ਲੱਗੇ ਜਾਂ ਪ੍ਰਵਾਨ ਹੋਵੇ?

ਕਈ ਕਹਿੰਦੇ ਹਨ ਕਿ ਆਪ ਜੀ ਨੂੰ ਪ੍ਰਵਾਨ ਹੋਵੇ, ਪ੍ਰਵਾਨ ਦਾ ਅਰਥ ਹੈ, ਆਪ ਜੀ ਨੂੰ ਮਨਜ਼ੂਰ ਹੋਵੈ। ਮਨਜ਼ੂਰੀ ਨਹੀਂ ਲੈਣੀ, ਭੋਗ ਲਗੌਣਾ ਭਾਵ ਛਕੌਣਾ ਹੈ। ਇਸ ਕਰਕੇ 'ਭੋਗ ਲੱਗੇ' ਕਹਿਣਾ ਹੀ ਸਹੀ ਹੈ। ਯਥਾ:- ਦੇਗ ਤਯਾਰ ਹੋਇ ਹੈ ਜਬਹੀ॥ ਕਰ ਅਰਦਾਸ ਭੇਟ ਕਰ ਤਬਹੀ॥ ਦੋਹਿਰਾ॥ ਪ੍ਰਿਥਮ ਗੁਰੋਂ ਕੇ ਭੋਗ ਹਿਤ, ਭਾਂਜਨ ਸੁਧ ਮੰਗਾਇ; ਜੋ ਜੋ ਲੰਗਰ ਕੀਨ ਹੈ, ਸੋ ਸਭ ਤਹਾਂ ਧਰਾਇ॥੧੦੯॥ ਚੌਪਈ॥ ਤਿਹ ਕਰ ਗੁਰ ਕੋ ਭੋਗ ਲਗਾਵੈ॥ ਗੁਰ ਕੋ ਰੂਪ ਰਿਦ ਮਾਹਿ ਧਰਾਵੈ; ਗੁਰੂ ਗ੍ਰੰਥ ਮੋ ਭੇਦ ਨ ਕਾਈ॥ ਗ੍ਰੰਥ ਹੋਇ ਤੌ ਨਿਕਟਿ ਧਰਾਈ॥੧੧੦॥

## ਤ੍ਵਪ੍ਰਸਾਦਿ॥ ਇਸ ਨੂੰ ਪੜ੍ਹ ਕੇ ਸਾਵਧਾਨਤਾ ਸਹਿਤ ਦੇਗ ਵਰਤਾਓ ਜੀ

ਅਰਦਾਸ ਤੋਂ ਮਗਰੋਂ ਸਭ ਤੋਂ ਪਹਿਲਾਂ ਦੇਗੀਏ ਸਿੰਘ ਲੱਕ ਅਤੇ ਮੂੰਹ ਬੰਨ੍ਹੇ, ਫੇਰ ਦੇਗ ਕੋਲ਼ੇ ਰੱਖੇ ਜਲ ਨਾਲ ਹੱਥ ਧੋਵੇ। ਦਮੇ ਛੂਤ ਬੀਮਾਰੀ ਵਾਲਾ ਦੇਗ਼ ਨ ਵਰਤਾਵੇ। ਫੇਰ ਪੰਜਾਂ ਪਿਆਰਿਆਂ ਦੇ ਵਰਤਾਵੇ ਕੱਢਣ ਤੋਂ ਬਾਅਦ, ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਜੀ ਦਾ, ਮਹਾਰਾਜ ਸਾਹਿਬ ਜੀ ਦੀ ਹਜ਼ੂਰੀ 'ਚ ਇੱਕ ਵਰਤਾਵਾ ਬਾਟੇ 'ਚ ਪਾ ਕੇ ਰੱਖੋ, ਫੇਰ ਪੰਜਾਂ ਪਿਆਰਿਆਂ ਨੂੰ ਵਰਤਾ ਦੇਵੋ। ਜੇ ਬਹੁਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਕਾਸ਼ ਹੋਣ ਤਾਂ ਪੰਜਾਂ ਪਿਆਰਿਆਂ ਦਾ ਵਰਤਾਵਾ ਕੱਢ ਕੇ, ਸਾਰੇ ਸਰੂਪਾਂ ਅਤੇ ਸ੍ਰੀ ਜਪੁ ਜੀ ਸਾਹਿਬ ਜੀ ਦੇ ਹੇਠਾਂ ਵਰਤਾਵੇ ਰੱਖਣੇ। ਪੰਜਾਂ ਪਿਆਰਿਆਂ ਅਤੇ ਗ੍ਰੰਥੀ ਸਿੰਘ ਜੀ ਦਾ ਵਰਤਾਰਾ ਉਨ੍ਹਾਂ ਹੀ ਕੱਢਣਾ ਜਿਨ੍ਹਾਂ ਸਤਿਸੰਗਤ ਜੀ ਨੂੰ ਵਰਤੌਣਾ ਹੋਵੇ। ਜਿਨ੍ਹਾਂ ਨੂੰ ਪੰਜਾਂ ਪਿਆਰਿਆਂ ਦਾ ਵਰਤਾਰਾ ਮਿਲੇ ਉਹ ਉਸ 'ਤੇ ਹੀ ਸੰਤੋਖ ਰੱਖਣ। ਪ੍ਰੇਮੀ ਕਰਤਾਰ ਸਿੰਘ ਜੀ ਪਰਉਪਕਾਰੀ ਸੰਤੋਖ ਸਹਿਤ ਇੱਕ ਹੀ ਵਰਤਾਰਾ ਲੈਂਦੇ। ਉਸ ਨੂੰ ਦੇਖ ਕੇ ਦਾਸਨਦਾਸ ਨੂੰ ਇਹ ਸ਼ੁਭ ਸਿੱਖਿਆ ਮਿਲੀ। ਪੰਜਾਂ ਪਿਆਰਿਆਂ ਦਾ ਵਰਤਾਰਾ ਲੂਲੇ ਲੰਗੜੇ ਅੰਗਹੀਣ ਕੁਰੈਹਤੀਏ ਜਾਂ ਬੱਚੇ ਬੀਬੀ ਨੂੰ ਨਹੀਂ ਦੇਣਾ। ਜਿਤਨੇ ਰਹਿਤਵਾਨ ਹੋਣ ਉਨ੍ਹਾਂ ਨੂੰ ਦੇ ਕੇ ਬਾਕੀ 'ਚ ਮਿਲਾ ਦੇਣਾ। ਜੇ ਕੋਈ ਭੀ ਰਹਿਤਵਾਨ ਨ ਹੋਵੇ ਤਾਂ ਸਾਰਾ ਹੀ ਦੇਗ 'ਚ ਮਿਲਾ ਦੇਣਾ।

ਸ੍ਰੀ ਮੰਜੀ ਸਾਹਿਬ ਜੀ ਦੇ ਹੇਠਾਂ ਰੱਖਣ ਦੀ ਬਜਾਏ, ਛੋਟੀ ਚੌਂਕੀ 'ਤੇ ਉਪਰ ਢੱਕਣ ਦੇ ਕੇ ਰੱਖੋ। ਸ੍ਰੀ ਮੰਜੀ ਸਾਹਿਬ ਜੀ ਦੇ ਹੇਠਾਂ ਲਾਪ੍ਰਵਾਹੀ ਨਾਲ ਰੱਖਣੇ ਕਰਕੇ, ਰੁਮਾਲੇ ਥੰਦੇ ਹੋ ਜਾਂਦੇ ਹਨ। ਗ੍ਰੰਥੀ ਸਿੰਘ ਜੀ ਵਾਲੀ ਜਾਂ ਸਾਰੀ ਦੇਗ ਪਈ ਰਹਿਣ ਕਰਕੇ, ਬੇਅਦਬੀ ਨ ਹੋਵੇ। ਸਿਰ ਅਤੇ ਬਾਟਾ ਢੱਕ ਕੇ ਦੇਗ ਵਰਤੌਣੀ। ਗਰਮੀ 'ਚ ਠੰਢੀ ਅਤੇ ਸਰਦੀ 'ਚ ਕੋਸੀ ਦੇਗ ਵਰਤਾਉ, ਮੱਚਦੀ ਮੱਚਦੀ ਦੇਗ ਵਰਤਾ ਕੇ ਆਪਣੇ ਅਤੇ ਸਤਿਸੰਗਤ ਜੀ ਦੇ ਹੱਥ ਨ ਮਚਾਉ।

ਵਰਤਾਵੇ ਨੇ ਲੈਣ ਵਾਲੇ ਦੇ ਹੱਥ ਨਾਲ ਆਪਣਾ ਹੱਥ ਨਹੀਂ ਲੌਣਾ, ਕਿਉਂਕਿ ਕਈਆਂ ਦੇ ਹੱਥ ਜੂਠੇ ਹੁੰਦੇ ਹਨ। ਸਿਫਾਰਸ਼ ਕਰਕੇ ਬੱਚੇ ਨੂੰ ਦੁਬਾਰਾ ਦੇਗ ਨ ਦੁਆਓ। ਉਸ ਨੂੰ ਸੰਤੋਖ ਵਾਲੇ ਸੰਸਕਾਰ ਪਾਉ। ਕਈ ਆਪਣਾ ਵਰਤਾਰਾ ਖਾ ਕੇ ਹੋਰ ਮੰਗ ਕੇ ਘਰ ਨੂੰ ਲਿਜਾਂਦੇ ਹਨ। ਆਪਣੇ ਵਰਤਾਰੇ ਨੂੰ ਹੀ ਘਰ ਲਿਜਾ ਕੇ ਵੰਡ ਕੇ ਛਕੋ। ਆਪਣੇ ਬੱਚਿਆਂ ਨੂੰ ਭੀ ਸੁਮਤਿ ਬਖ਼ਸ਼ੋ ਕਿ ਉਹ ਦੁਬਾਰਾ ਦੇਗ ਨ ਲੈਣ। ਇਹ ਸ਼ੁਭ ਸਿੱਖਿਆ ਕਰਕੇ ਉਨ੍ਹਾਂ ਦਾ ਜੀਵਨ ਬਨਣਾ ਹੈ। ਸੋ ਦੁਬਾਰਾ ਦੇਗ ਲੈਣੀ ਭਾਰੀ ਪਾਪ ਹੈ, ਉਹ ਵਰਤਾਰਾ ਹੋਰ ਕਿਸੇ ਦੇ ਮੂੰਹ 'ਚ ਪਵੇ ਤਾਂ ਕਿਤਨਾ ਚੰਗਾ ਹੈ। ਵਰਤੌਣ ਵਾਲੇ ਆਪ ਵਰਤਾਰਾ ਲੈਣ ਦੀ ਬਜਾਏ ਦੂਜੇ ਤੋਂ ਸਤਿਸੰਗਤ ਜਿਤਨਾ ਵਰਤਾਰਾ ਲੈਣ। ਇੱਕੋ ਜਿਹਾ ਵੰਡ ਕੇ ਛਕਣ ਦਾ ਭਾਰੀ ਅਨੰਦ ਹੈ। ਕਈ ਵਾਰੀ ਬਾਹਰ ਬੈਠੇ ਗਰੀਬਾਂ ਨੂੰ ਦੇਗ ਨਹੀਂ ਮਿਲਦੀ। ਇਕ ਪ੍ਰੇਮੀ ਬਾਹਰ ਆ ਕੇ ਗਰੀਬਾਂ ਨੂੰ ਅਤੇ ਗੁਰੂ ਘਰ 'ਚ ਸੇਵਾ ਕਰਨ ਵਾਲਿਆਂ ਨੂੰ ਵਰਤਾਵੇ।

ਦੇਗ ਥੋੜੀ ਰਹਿ ਜਾਵੇ ਤਾਂ ਪਤਾਸੇ ਰਲ਼ਾ ਕੇ ਵਰਤਾਈ ਜਾ ਸਕਦੀ ਹੈ। ਅਮੀਰ ਸੰਤੋਖ ਰੱਖਣ, ਗਰੀਬ ਦਾ ਵਰਤਾਰਾ ਨ ਖਾਣ। ਗਰੀਬ ਦਾ ਵਰਤਾਰਾ ਜ਼ਹਿਰ ਸਮਾਨ ਹੈ। ਬਾਟੇ 'ਚ ਦੇਗ ਦੀ ਗੋਲ਼ੀ ਬਣਾ ਕੇ ਰੱਖੀ ਹੋਵੇ, ਉਸ ਨੂੰ ਦੇਖ ਕੇ ਵਰਤਾਵੇ। ਇੱਕ ਪ੍ਰੇਮੀ ਸਾਰਿਆਂ ਨੂੰ ਦੇਖੇ, ਜਿਹੜਾ ਵੱਧ ਵਰਤਾਵੇ ਉਸ ਨੂੰ ਦੱਸੇ। ਵਰਤਾਵੇ ਇੱਕ ਦੂਜੇ ਨਾਲ ਸੈਨਤ ਰਲਾ ਲੈਣ, ਜਿਸ ਕਰਕੇ ਵਰਤਾਰਾ ਇੱਕੋ ਜਿਹਾ ਹੋਵੇ। "ਅੰਨ੍ਹਾਂ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ ਦੇ।" ਅਨੁਸਾਰ ਆਪਣਿਆਂ ਨੂੰ ਜਿਆਦਾ ਨ ਦੇਵੇ। ਯਥਾ:- ਜੋ ਪ੍ਰਸਾਦ ਕੋ ਬਾਂਟਈ ਮਨ ਮੈਂ ਧਾਰੈ ਲੋਭ॥ ਕਿਸੈ ਥੋੜਾ ਕਿਸੈ ਅਗਲਾ ਸਦਾ ਰਹੈ ਤਿਸ ਸੋਗ॥) ਜੋ ਪ੍ਰਸਾਦਿ

ਕਾ ਬਾਟਾਂ ਕਰਈ॥ ਸਮ ਵਰਤਾਰਾ ਸਬ ਕਰ ਧਰਈ॥੬੩॥ ਘਾਟ ਬਾਢ ਕਤਹੂੰ ਨਹਿ ਦੇਵਹਿ॥ ਰਹਤਵੰਤ ਸਿੰਘ ਸੋ ਲੇਵਹਿ॥ ਬਾਢੀ ਲੇਕਰ ਨਸਾਯ ਨ ਕਰੀਏ॥ ਝੂਠੀ ਸਾਖਾ ਕਬਹੂੰ ਨ ਭਰੀਏ॥੬੪॥

ਵਾਹਿਗੁਰੂ॥ ਵਰਤੌਂਦਿਆਂ ਜਿਥੇ ਦੇਗ ਵੱਧੇ, ਫੇਰ ਦੁਬਾਰਾ ਲਿਆ ਕੇ, ਉਥੋਂ ਵਰਤੌਣ ਲੱਗੇ। ਜੇ ਵਰਤਾਵੇ ਨੂੰ ਦੇਗ ਨ ਮਿਲੇ ਤਾਂ ਭੀ ਇੱਕ ਰਸ ਰਹੇ, ਫੇਰ ਤਾਂ ਉਸ ਨੂੰ ਬਹੁਤ ਹੀ ਅਨੰਦ ਹੈ। ਜਿਹੜੇ ਵਰਤਾਵੇ ਆਪ ਮਗਰੋਂ ਲਾਲਚ ਨਾਲ ਚੋਰੀ ਦੇਗ ਛਕਦੇ ਹਨ, ਉਹ ਸਹੀ ਨਹੀਂ ਵਰਤਾ ਸਕਦੇ।

ਵਾਹਿਗੁਰੂ॥ ਕਈ ਪ੍ਰੇਮੀਂ ਦੇਗ ਨੂੰ ਬਹੁਤ ਦੇਰ ਤੱਕ ਰੱਖੀ ਰੱਖਦੇ ਹਨ, ਚੌਵੀ ਘੰਟੇ ਤੋਂ ਜਿਆਦਾ ਨਹੀਂ ਰੱਖਣੀ। ਜੇ ਖੜ੍ਹੇ ਹੋਵੇ ਤਾਂ ਬੈਠ ਕੇ ਦੇਗ ਲਵੇ, ਮੰਜੇ 'ਤੇ ਬੈਠਿਆਂ ਦੇਗ ਨਹੀਂ ਲੈਣੀ, ਮੰਜੇ ਤੋਂ ਥੱਲੇ ਬੈਠ ਕੇ ਦੇਗ ਲੈਣੀ। ਦੇਗ ਲੈਣ ਸਮੇਂ ਅੱਧਾ ਸਿਰ ਨੰਗਾ ਅਤੇ ਪੈਰੀ ਜੋੜਾ, ਨਾ ਹੋਵੇ।

ਤ੍ਵਪ੍ਰਸਾਦਿ॥ ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ, ਮਹਾਂਪੁਰਖਾਂ ਸ਼ਹੀਦਾਂ ਦੇ ਨਾਮ ਲੈ ਕੇ, ਨਮਸਕਾਰ ਕਰਕੇ ਬੈਠ ਕੇ ਦੇਗ ਛਕੋ ਜੀ। ਥੰਦੇ ਹੱਥ ਗੁਟਕੇ, ਮੰਜੀ ਸਾਹਿਬ ਜੀ ਦੇ ਪਾਵਿਆਂ, ਰੁਮਾਲਿਆਂ ਅਤੇ ਆਪਣੇ ਪੈਰਾਂ ਨੂੰ ਨ ਲਾਉ ਜੀ।

ਵਾਹਿਗੁਰੂ॥ ਜਿਹੜੇ ਇਹ ਕਹਿੰਦੇ ਹਨ ਕਿ ਸਤਿਗੁਰੂ ਸਾਹਿਬ ਜੀ ਪਾਸ ਕਲਿਜੁੱਗ ਆਇਆ, ਸਤਿਗੁਰੂ ਸਾਹਿਬ ਜੀ ਤੋਂ ਆਗਿਆ ਮੰਗੀ ਤਾਂ ਸਤਿਗੁਰੂ ਸਾਹਿਬ ਜੀ ਕਿਹਾ, "ਦੇਗ ਵਰਤੌਣ ਸਮੇਂ ਆ ਜਾਇਆ ਕਰ"। ਇਹ ਕਹਿਣਾ ਮਹਾਂ ਪਾਪ ਤੇ ਸੱਚੇ ਸਤਿਗੁਰੂ ਸਾਹਿਬ ਜੀ ਦੀ ਨਿੰਦਾ ਹੈ। ਕਲਿਜੁੱਗ ਦਾ ਬਹਾਨਾ ਲਾ ਕੇ ਰੌਲ਼ਾ ਪੌਣਾ ਦੇਗ ਲੁੱਟਣੀ ਠੀਕ ਨਹੀਂ। ਸਿੰਘ ਸਾਵਧਾਨ ਹੋਣ ਜੋ ਦੇਗ ਵਰਤੌਣ ਵਾਲਿਆਂ ਦੀ ਮਦਦ ਕਰਨ। ਜਿਹੜੇ ਉਠ ਕੇ ਖੜ੍ਹੇ ਹੋਣ ਉਨ੍ਹਾਂ ਨੂੰ ਬੈਠੌਣ, ਚੁੱਪ ਕਰੌਣ।

ਵਾਹਿਗੁਰੂ॥ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਜੀ, ਅੰਮ੍ਰਿਤ ਰੂਪ ਕਥਾ ਤੋਂ ਮਗਰੋਂ ਜਦੋਂ ਸਬਦ ਪੜ੍ਹੌਂਦੇ ਤਾਂ ਅੰਮ੍ਰਿਤ ਦੀਆਂ ਨਦੀਆਂ ਵਹਿ ਤੁਰਦੀਆਂ। ਸਭ ਪ੍ਰੇਮੀ ਇਕਾਗਰ ਹੋ ਕੇ, (ਪ੍ਰਸਾਦਿ) ਕ੍ਰਿਪਾ ਨੂੰ ਪ੍ਰਾਪਤ ਹੋ ਕੇ, ਪ੍ਰਸ਼ਾਦਿ ਲੈਂਦੇ। ਕਥਾ ਕੀਰਤਨ ਤੋਂ ਬਾਅਦ ਪ੍ਰੇਮੀਆਂ ਦੇ ਮਨ ਇਕਾਗਰ ਹੁੰਦੇ। ਯਥਾ:- ਸੰਤ ਸਭਾ ਕਉ ਸਦਾ ਜੈਕਾਰੁ॥ ਦੇਗ ਵਰਤਣ ਸਮੇਂ ਕਲਿਜੁੱਗ ਆ ਗਿਆ ਕਹਿਣ ਦੀ ਬਜਾਏ, ਪ੍ਰੇਮ ਸ਼ਰਧਾ

ਭਾਵਨਾ ਸਹਿਤ ਜਾਪ ਕਰੌਣਾ ਚਾਹੀਦਾ ਹੈ। ਪ੍ਰਸ਼ਾਦਿ ਗੁਰੂ ਸਾਹਿਬ ਜੀ ਦੀ ਅਪਾਰ ਬਖ਼ਸ਼ਿਸ਼ ਸਮਝ ਕੇ ਛਕੋ, ਨਮਸਕਾਰ ਕਰੋ, ਗੁਰੂ ਗੁਰੂ ਜਪੋ, ਨਿਹਾਲ ਹੋ ਜਾਉ ਜੀ। ਯਥਾ:- ਸਿਖ ਪ੍ਰਸਾਦਿ ਖਾਵਣੇ ਵਾਲਾ; ਆਪ ਨੂੰ ਗੁਰੂ-ਪੀਰ ਨਾ ਜਾਣੇ॥ ਵਡਿਆਈ ਗੁਰੂ ਜੀ ਕੀ ਜਾਣੇ॥ ਅਤੇ ਸਿਖ ਛਕਾਵਣੇ ਵਾਲਾ ਆਪ ਨੂੰ ਦਾਤਾ ਨ ਜਾਣੇ॥ ਅਰੁ ਜਾਣੇ ਇਹ ਦਾਤ ਸਾਰੀ ਨਿਰੰਕਾਰ ਦੀ ਹੈ॥ ਨਿਰਅਭਿਮਾਨ ਹੋਏ ਰਹੈ॥

## ਤ੍ਵਪ੍ਰਸਾਦਿ॥ ਸਾਖੀ

ਸੱਚੇ ਸਤਿਗੁਰੂ ਨੌਵੇਂ ਪਾਤਿਸਾਹ ਜੀ ਦਾ ਚੌਰਬਰਦਾਰ ਸਿੱਖ ਭਾਈ ਸੋਭਾ ਰਾਮ ਜੀ, ਦੇਗ ਵਰਤਾ ਰਿਹਾ ਸੀ। ਸ੍ਰੀ ਅਨੰਦਪੁਰ ਸਾਹਿਬ ਜੀ ਦੇ ਪਾਸ ਦਾ ਪ੍ਰੇਮੀ ਸਿੱਖ, ਆਪਣੇ ਗੱਡਿਆਂ 'ਤੇ ਗੁੜ ਲੱਦ ਕੇ ਲਿਜਾ ਰਿਹਾ ਸੀ। ਪ੍ਰੇਮੀ ਸਿੱਖ ਇਕ ਭੇਲੀ ਸਤਿਕਾਰ ਭੇਟਾ ਲਈ ਲੈ ਕੇ, ਸਤਿਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਇਆ। ਗੱਡਾ ਉਸੇ ਤਰ੍ਹਾਂ ਹੀ ਤੁਰਿਆ ਜਾ ਰਿਹਾ ਸੀ। ਪ੍ਰੇਮ ਭੇਟਾ ਹਾਜਰ ਕਰਕੇ ਦਰਸ਼ਨ ਕੀਤੇ, ਗਦ ਗਦ ਹੋ ਗਿਆ। ਤਾਂਘ ਸੀ ਕਿ ਛੇਤੀ ਦੇਗ ਲੈ ਕੇ ਗੱਡੇ ਦੀ ਸੰਭਾਲ਼ ਕਰਾਂ। ਜਦੋਂ ਉਤੋਂ ਦੀ ਹੱਥ ਕਰਕੇ ਦੇਗ ਲੈਣੀ ਚਾਹੀ ਤਾਂ ਸੋਭਾ ਰਾਮ ਜੀ ਨੇ ਤਾੜ ਕੇ ਕਿਹਾ, "ਰਿੱਛ ਵਾਂਗੂੰ ਉਤੇ ਨੂੰ ਔਂਦਾ ਹੈ ਪਿੱਛੇ ਹਟ"। ਉਸ ਸੱਚੇ ਪ੍ਰੇਮੀ ਦੀ ਲਿਵ, ਸੱਚੇ ਸਤਿਗੁਰੂ ਸਾਹਿਬ ਜੀ ਦੇ ਮਿੱਠੇ ਪਰਉਪਕਾਰੀ ਚਰਨਕਮਲਾਂ ਨਾਲ ਲੱਗੀ ਹੋਈ ਸੀ। ਮਨ ਬਾਣੀ ਸਰੀਰ ਕਰਕੇ ਇਕਾਗਰ ਸੀ। ਉਸ ਨੇ ਕਿਹਾ, "ਰਿੱਛ ਤੂੰ ਹੀ ਬਣ"। ਹੇਠਾਂ ਤੋਂ ਕਿਣਕਾ ਚੁੱਕ ਕੇ, ਮੂੰਹ ਚ ਪਾ ਕੇ ਤੁਰ ਗਿਆ। ਸੋਭਾ ਰਾਮ ਅਗਲੇ ਜਨਮ 'ਚ ਰਿੱਛ ਬਣਿਆ। ਜੋ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੇ ਚੌਰਦਾਰ ਭਾਈ ਕੀਰਤੀਏ ਜੀ ਦਾ ਪਿਤਾ ਸੀ। ਜਿਸ ਦੀ ਕਲਿਆਣ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਕੀਤੀ ਸੀ। ਸੋ ਸੱਚੇ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ ਘਰ 'ਚ ਆਏ ਪ੍ਰੇਮੀ ਦੀ ਤੇ ਦੇਗ ਵਰਤੌਣ ਵੇਲੇ ਕਿਸੇ ਦੀ ਨਿਰਾਦਰੀ ਨਹੀਂ ਕਰਨੀ ਚਾਹੀਦੀ ਜੀ।

ਵਾਹਿਗੁਰੂ॥ ਥਾਲ਼ੀ 'ਚ ਕੇਵਲ ਦੋ ਹੀ ਵਰਤਾਰੇ ਦਿੱਤੇ ਜਾਣ, ਇੱਕ ਥਾਲ਼ੇ ਦਾ ਇੱਕ ਥਾਲ਼ੇ ਵਾਲੇ ਦਾ। ਭਾਂਡਾ ਖਾਲੀ ਨਹੀਂ ਮੋੜਨਾ। ਦੇਗ ਖਾਣ ਦੇ ਲਾਲਚ ਕਰਕੇ, ਬੇਅੰਤ ਹੀ ਸਰੀਰ ਗਲ਼ ਚੁੱਕੇ ਹਨ। ਸਚਮੁੱਚ ਹੀ ਲਾਲਚ ਲੋਭ ਨਾਲ ਸਤਿਸੰਗਤ ਜੀ ਦੀ ਦੇਗ ਖਾ ਕੇ, ਸਰੀਰ ਰੋਗੀ ਹੋ ਜਾਂਦਾ ਹੈ। ਯਥਾ:- ਸਿਖ ਨ

ਪੂਜਾ ਖਾਇ ਰੰਚ, ਨੀਤ ਕੜਾਹ ਭਰ ਲੋਇ; ਗੁਰੂ ਭੁਗਤਿ ਹੀ ਖਾਈਐ, ਜੋ ਅਰਦਾਸੀ ਦੇਇ॥੧੫॥ ਪ੍ਰਸਾਦ ਅਰਦਾਸੀ ਬਾਂਟ ਦੇ, ਸਭ ਕੋ ਸਮਤਾ ਬਾਂਟ; ਜੋ ਪ੍ਰਸਾਦ ਮੇਂ ਈਰਖਾ, ਕਰਤਾ ਤੋੜਹਿ ਸਾਂਟ॥੧੬॥ ਲੋਭ ਕਰਹਿ ਪ੍ਰਸਾਦ ਮਹਿ, ਜਮ ਕੀ ਖਾਵਹਿ ਮਾਰ; ਸੋ ਪ੍ਰਸਾਦ ਗਾਲਹਿ ਤਿਸੈ, ਰੋਗ ਦੋਖ ਧਨ ਖੁਆਰ॥੧੭॥ ਖਾਇ ਭੁਗਤ ਜਾ ਸਮੈ ਸਿਖ, ਉਠਹਿ ਨ ਛੋਡਹਿ ਥਾਂਇ; ਜੋ ਛਾਡਹਿ ਫਿਰ ਖਾਇ ਨਹਿ, ਸੁਖੀ ਧਨੀ ਗੁਰ ਪਾਹਿ॥੧੮॥ (ਭਾਈ ਸਾਹਿਬ ਸਿੰਘ ਜੀ)

ਵਾਹਿਗੁਰੂ॥ ਇੱਕ ਭੁਝੰਗੀ ਨੇ ਦੱਸਿਆ, "ਮੈਂ ਭੋਗ ਲੈਣ ਤੋਂ ਪਹਿਲਾਂ ਇੱਕ ਬਾਟਾ ਦੇਗ ਦਾ ਭਰ ਕੇ ਰੱਖ ਲੈਂਦਾ ਸੀ, ਜਿਸ ਕਰਕੇ ਮੇਰਾ ਦਿਮਾਗ਼ ਹੀ ਹਿਲ ਗਿਆ। ਜੇ ਭੂਆ ਕੋਲ਼ੇ ਗਿਆ ਤਾਂ ਉਥੇ ਕੁੱਟ ਪੈ ਗਈ, ਉਥੋਂ ਭੱਜਾ ਹੋਰ ਰਿਸ਼ਤੇਦਾਰੀ 'ਚ ਗਿਆ, ਉਥੇ ਭੀ ਜਾਂਦੇ ਨੂੰ ਕੁੱਟ ਪੈ ਗਈ। ਇਉਂ ਜਿਥੇ ਭੀ ਜਾਵਾਂ ਕੁੱਟ ਪੈ ਜਾਵੇ। ਯਥਾ:- ਅਰਦਾਸ ਕੀਤੇ ਬਿਨਾ ਪ੍ਰਸਾਦਿ ਵਰਤਾਏ, ਸੋ ਤਨਖਾਹੀਆ॥ ਪ੍ਰਸਾਦਿ ਲੈਂਦਾ ਸਿਖ ਬਹੁਤਾ ਬੋਲੇ-ਤ੍ਰਿਸ਼ਨਾ ਕਰੈ ਸੋ ਤਨਖਾਹੀਆ॥

ਵਾਹਿਗੁਰੂ॥ ਇੱਕ ਹੋਰ ਪ੍ਰੇਮੀ ਨੇ ਦੱਸਿਆ, "ਮੈਂ ਪਤਾਸਿਆਂ ਦਾ ਪ੍ਰਸ਼ਾਦ ਚੋਰੀ ਖਾਂਦਾ ਰਿਹਾ, ਐਸਾ ਪਾਪ ਲੱਗਿਆ, ਅਠਾਰਵੇਂ ਸਾਲ 'ਚ ਸ਼ੂਗਰ ਹੋ ਗਈ। ਯਥਾ:- ਪ੍ਰਸਾਦ ਗੁਰੂ ਕਾ ਜੋ ਚੁਰਾਇ ਲਏ, ਸੋ ਦਰਿਦ੍ਰੀ ਤਨਖਾਹੀਆ॥

ਵਾਹਿਗੁਰੂ॥ ਕਈ ਵਾਰ ਘਰ ਵਾਲੇ ਦੇਗ ਬਚਾਅ ਕੇ, ਪ੍ਰਸ਼ਾਦੇ ਸਮੇਂ ਸਿੰਘਾਂ ਨੂੰ ਵਰਤੌਂਦੇ ਹਨ। ਇਹ ਭੀ ਖਾਣ ਦਾ ਲਾਲਚ ਹੈ, ਇਹ ਨਹੀਂ ਚਾਹੀਦਾ। ਜਮੀਰ ਬਹੁਤ ਹੀ ਦੱਬੀ ਰਹਿੰਦੀ ਹੈ। ਇਸ ਖਾਣ ਦੇ ਲਾਲਚ ਨੂੰ ਕੁੱਤਾ ਕਿਹਾ ਹੈ। ਯਥਾ:- ਲਬੁ ਕੁਤਾ. ਕੂੜੁ ਚੂਹੜਾ; ਠਗਿ ਖਾਧਾ ਮੁਰਦਾਰੁ॥ ਦੇਗ ਖਾਣ ਦੇ ਲਾਲਚੀਆਂ ਨੂੰ ਇਹ ਉਲਾਂਭੇ ਮਿਲਦੇ ਹਨ:- ਭਾਈ ਨੇ ਮਾਰੀ ਅੱਖ, ਬਾਟਾ ਭਰ ਕੇ ਰੱਖ, ਸਵੇਰੇ ਉਠ ਕੇ ਨ੍ਾਵਾਂਗੇ, ਤੱਤੀ ਕਰਕੇ ਖਾਵਾਂਗੇ, ਸਤਿਗੁਰੂ ਸਾਹਿਬ ਨੂੰ ਮੂਲ ਨ ਭਾਵਾਂਗੇ, ਸਿੱਧੇ ਨਰਕਾਂ ਨੂੰ ਜਾਵਾਂਗੇ।

ਵਾਹਿਗੁਰੂ॥ ਇੱਕ ਵਾਰੀ ਠੰਢ 'ਚ ਸੱਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਰਨਕਮਲਾਂ 'ਚ ਬੈਠੇ ਪ੍ਰੇਮੀ, ਬਚਨ ਸੁਣ ਕੇ, ਮਨੋਹਰ ਦਰਸ਼ਨ ਕਰਕੇ ਗਦ ਗਦ ਹੋ ਰਹੇ ਸਨ। ਇੱਕ ਪ੍ਰੇਮੀ ਗਰਮ

ਗਰਮ ਪ੍ਰਸ਼ਾਦਿ ਲੈ ਕੇ ਆਇਆ। ਇੱਕ ਲਾਲਚੀ ਨੇ ਫੁਰਨਾ ਕਰ ਲਿਆ, ਜੇ ਸਤਿਗੁਰੂ ਸਾਹਿਬ ਜੀ ਸਾਰਾ ਹੀ ਮੇਰੇ ਵੱਲ ਧੱਕ ਦੇਣ ਤਾਂ ਮੈਂ ਖਾ ਕੇ ਕੁੱਛੜਾਂ ਕੱਢ ਲਵਾਂ। ਅਰਦਾਸ ਤੋਂ ਬਾਅਦ, ਮੇਰਾ ਅੰਤਰਜਾਮੀ ਹਰਿ ਰਾਇਆ॥ ਪਰਮਪੂਜਨੀਕ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸਾਹਿਬ ਜੀ ਨੇ ਕਹਿ ਕੇ ਸਾਰਾ ਹੀ ਉਸ ਨੂੰ ਦਿਵਾ ਦਿਤਾ। ਬੱਸ ਫੇਰ, ਖਾ ਮਰੇ ਜਾਂ ਚੁੱਕ ਮਰੇ। ਸਰੀਰ ਫਿੱਟ ਗਿਆ, ਬਹੁਤ ਹੀ ਦੁਖੀ ਹੋਇਆ, ਹਾ ਹਾ ਕਾਰ ਕਰਨ ਲੱਗਾ, ਸੱਚੇ ਸਤਿਗੁਰੂ ਸਾਹਿਬ ਜੀ ਨੇ ਫੁਰਮਾਇਆ "ਭਾਈ! ਇਹ ਸਤਿਸੰਗਤ ਜੀ ਨੇ ਵੰਡ ਕੇ ਛਕਣਾ ਸੀ, ਅੰਮ੍ਰਿਤ ਰੂਪ ਕੀਰਤਨ ਕਥਾ ਗੁਰਬਾਣੀ ਪੜ੍ਹ ਕੇ ਇਹ ਅੰਮ੍ਰਿਤ ਬਣ ਜਾਂਦਾ, ਤੂੰ ਇਕੱਲਾ ਹੀ ਛਕ ਗਿਆ, ਜਿਸ ਕਰਕੇ ਤੈਨੂੰ ਦੁੱਖ ਭੋਗਣਾ ਪਿਆ।" ਇਹ ਸੁਣ ਕੇ ਗੁਰੂ ਪ੍ਰਮੇਸਰ ਜੀ ਦੇ ਸੱਚੇ ਚਰਨਕਮਲ ਫੜ ਕੇ ਮੁਆਫ਼ੀ ਮੰਗੀ, ਸ੍ਰੀ ਗੁਰੂ ਸਾਹਿਬ ਜੀ ਨੇ ਆਪਣਾ ਜਾਣ ਕੇ ਬਖ਼ਸ਼ ਲਿਆ। ਯਥਾ:-
ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ; ਬਖਸਿ ਲੀਆ ਖਿਨ ਮਾਹੀ॥

"ਹੇ ਸਾਧਸੰਗਤ ਜੀ! ਜਿਹੜਾ ਭੀ ਬੰਦਾ ਆਏ ਪਦਾਰਥ 'ਤੇ ਲਾਲਚ ਕਰਦਾ ਹੈ, ਕਿ ਮੈਂ ਹੀ ਖਾਵਾਂ, ਉਸ ਦੀ ਬਿਰਤੀ ਬਹੁਤ ਹੀ ਨੀਵੀਂ ਰਹਿੰਦੀ ਹੈ, ਨੀਤ ਭੀ ਨਹੀਂ ਭਰਦੀ।" ਕਈ ਪ੍ਰੇਮੀ ਦੱਸਦੇ ਹਨ ਕਿ ਸਾਡੇ ਬਾਬੇ ਕੋਲ ਪਏ ਫਲ਼ ਸੜ ਜਾਂਦੇ ਹਨ, ਕੋਲ਼ੇ ਰਹਿਣ ਵਾਲ਼ਿਆਂ ਦੀ ਰੂਹ ਭਟਕਦੀ ਹੈ, ਪਰ ਉਹ ਤਰਸ ਨਹੀਂ ਕਰਦੇ। ਜਦੋਂ ਭੀ ਪਦਾਰਥ ਸਤਿਸੰਗਤ 'ਚ ਆਵੇ, ਵੰਡ ਕੇ ਛਕਿਆ ਅੰਮ੍ਰਿਤ ਬਣਦਾ ਹੈ। ਜਿਥੇ ਜਿਥੇ ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਅਤੇ ਮਹਾਂਪੁਰਸ਼ਾਂ ਦੇ ਅਸਥਾਨਾਂ 'ਤੇ ਪਦਾਰਥ ਬਹੁਤ ਔਂਦੇ ਹਨ। ਜਿਹੜੇ ਖਾਣ ਦੇ ਲਾਲਚੀ ਹਨ, ਉਹ ਵੰਡ ਕੇ ਨਹੀਂ ਛਕਦੇ, ਉਨ੍ਹਾਂ ਦੀ ਲੜਾਈ ਹੀ ਰਹਿੰਦੀ ਹੈ। ਇਸ ਕਰਕੇ ਗੁਰੂ ਘਰ ਦੇ ਧਨ ਪਦਾਰਥ ਤੇ ਲਾਲਚ ਕਰਨਾ, ਮਹਾਂ ਪਾਪ ਮਹਾਂ ਕੋੜ੍ਹ ਹੈ। ਜ਼ਿੰਦਗੀ ਨਾਮ ਰਸ ਤੋਂ ਵਾਂਝੀ ਹੀ ਰਹਿ ਜਾਂਦੀ ਹੈ। ਦਿਲ ਜਿਆਦਾ ਕਮਜ਼ੋਰ ਅਤੇ ਸਰੀਰ ਰੋਗੀ ਹੋ ਜਾਂਦਾ ਹੈ।

ਵਾਹਿਗੁਰੂ॥ ਕਈ ਥਾਈਂ ਨਿਰੀ ਦਸੌਰੀ ਅਤੇ ਕਈ ਥਾਈਂ ਥੋੜੀ ਜਿਹੀ ਦੇਸੀ ਘਿਉ ਦੀ ਦੇਗ ਕਰਕੇ, ਉਸ ਨੂੰ ਭੋਗ ਲੁਆ ਕੇ, ਦਸੌਰੀ 'ਚ ਰਲ਼ਾ ਕੇ ਵਰਤਾ ਦਿੰਦੇ ਹਨ। ਦੇਗ ਤਾਂ ਸੱਚੇ ਸਤਿਗੁਰੂ ਸਾਹਿਬ ਜੀ ਦੀ ਖ਼ੁਸ਼ੀ ਲੈਣ ਲਈ ਕਰਨੀ ਹੈ। ਦਸੌਰੀ ਨਾਲ ਖ਼ੁਸ਼ੀ ਕਿਵੇ ਪ੍ਰਾਪਤ ਹੋਵੇਗੀ? ਕੋਟਾਨ ਕੋਟ ਬ੍ਰਹਮੰਡਾਂ ਦੇ ਮਾਲਕ ਨੂੰ ਭੋਗ ਲੁਔਣ ਲਈ, ਦੇਸੀ ਘਿਉ ਦੀ ਹੀ ਦੇਗ ਚਾਹੀਦੀ ਹੈ। ਜੇ ਅਸੀਂ ਲਾਲਚ ਨ ਕਰੀਏ ਤਾਂ

ਦੇਸੀ ਘਿਉ ਦੀ ਦੇਗ ਭਾਵੇਂ ਥੋੜੀ ਹੀ ਹੋਵੇ, ਅੰਮ੍ਰਿਤ ਹੈ। ਪੂਰਨ ਗੁਰੂ ਮਰਯਾਦਾ ਅਨੁਸਾਰ ਦੇਗ ਬਣੌਣ, ਵਰਤੌਣ ਵਾਲੇ ਜੀਵਨ ਮੁਕਤ ਮਹਾਂਪੁਰਸ਼ ਬਣ ਜਾਂਦੇ ਹਨ। ਸੱਚੇ ਸਤਿਗੁਰੂ ਸਾਹਿਬ ਜੀ ਦੀ ਖ਼ੁਸ਼ੀ ਪ੍ਰਾਪਤ ਕਰਕੇ, ਲੋਕ ਸੁਖੀਏ, ਪ੍ਰਲੋਕ ਸੁਹੇਲੇ ਬਣ ਜਾਂਦੇ ਹਨ। ਯਥਾ:- ਇਹ ਲੋਕ ਸੁਖੀਏ ਪਰਲੋਕ ਸੁਹੇਲੇ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ॥ ਗੁਰੂ ਘਰ 'ਚ ਸੇਵਾ ਕਰਨ ਵਾਲੇ ਆਪਣੇ ਬੱਚਿਆਂ ਨੂੰ ਵਰਤਾਰੇ ਤੋਂ ਵੱਧ ਪ੍ਰਸ਼ਾਦ ਛਕਾ ਕੇ ਰੋਗੀ ਨ ਕਰਨ।

ਵਾਹਿਗੁਰੂ॥ ਜੇ ਕਿਸੇ ਗਰੀਬ ਪ੍ਰੇਮੀ ਦਾ ਪ੍ਰੋਗਰਾਮ ਹੋਵੇ, ਉਸ ਕੋਲ਼ ਦੇਗ ਕਰਨ ਦੀ ਪਹੁੰਚ ਨ ਹੋਵੇ ਤਾਂ ਗੁਰੂ ਘਰ ਵੱਲੋਂ ਜਾਂ ਕੋਈ ਪ੍ਰੇਮੀ ਮੱਦਦ ਕਰੇ।

## ਤ੍ਵਪ੍ਰਸਾਦਿ॥ ਇਤਿ ਸ੍ਰੀ ਕੜ੍ਹਾਹ ਪ੍ਰਸ਼ਾਦ ਮਰਯਾਦਾ ਸੰਪੂਰਨੰ



ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ ਪਤੀ ਵਾਹਿਗੁਰੂ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥ ਗੁਰ ਬਰ ਅਕਾਲ, ਚਿਟਿਆਂ ਬਾਜਾਂ ਵਾਲਿਓ ਸਤਿਗੁਰੋ ਰੱਖਲਿਓ ਬਿਰਦ ਬਾਣੇ ਦੀ ਲਾਜ, ਹਠੀਓ ਜਪੀਓ ਤਪੀਓ, ਸ਼ਹੀਦੋ ਸਿੰਘੋ ਸਰਬੱਤ ਗੁਰੂ ਖ਼ਾਲਸਾ ਸਿੰਘ ਸਾਹਿਬ ਜੀ ਕੋ ਸਤਿ ਸ੍ਰੀ ਅਕਾਲ, ਲਾਡਲੀਆਂ ਫ਼ੌਜਾਂ ਦੇ ਮਾਲਕੋ ਸਤਿਗੁਰੋ ਫ਼ੌਜਾਂ ਰੱਖਣੀਆਂ ਤਿਆਰ ਬਰ ਤਿਆਰ, ਸੋਢੀ ਸੱਚੇ ਪਾਤਿਸ਼ਾਹ ਜੀ ਮਹਾਰਾਜ! ਆਪ ਜੀ ਦਾ ਖ਼ਾਲਸਾ ਜਪੇ ਅਕਾਲ ਹੀ ਅਕਾਲ, ਗੁਰ ਬਰ ਅਕਾਲ, ਦੇਗ਼ ਤੇਗ਼ ਫ਼ਤੇਹ ਗੁਰੂ ਖ਼ਾਲਸੇ ਜੀ ਦੀ ਹਰ ਮੈਦਾਨ ਫ਼ਤੇਹ!

## ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥